ISSN 0972-2335

# ਅੰਮ੍ਰਿਤ ਕੀਰਤਨ

## ਸਤੰਬਰ 2019




*(Painting by Kanwar Singh Artist – For Write-up, see Title Page 3)*

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-

## ਹਰਿ ਰੂਪ ਮਾਨਸ

ਹਰਿ ਰੂਪ ਮਾਨਸ
ਭਾਉ ਭਗਤਿ ਅਰ ਭੈ ਬਿਨਾ
ਨ ਮਿਲਿਬੋ ਕਰਤਾਰ ।
ਪਰ ਤੀਨੇਂ ਕਾ ਬਾਸ ਹੈ
ਵਿਚ ਗਰੀਬੀ ਸਾਰ ।
ਇਨ ਚਾਰੋਂ ਪਰ ਚਲਤ ਜੋ
ਪਰਖ ਲਏ ਦਾਤਾਰ ।
ਹਰ ਕਾ ਰੂਪ ਜਾਂ ਹੋਇ ਰਹੇ
ਖ਼ੁਸ਼ੀ ਹੋਤ ਸੰਸਾਰ ।



## हरि रूप मानस

हरि रूप मानस
भाओ  भगत अर भै बिना
न मिलिबो करतार ।
पर तीनों का बास है
विच गरीबी सार ।
इन चारों पर चलत जो
परख लए दातार ।
हरि का रूप जो होए रहे
ख़ुशी होत संसार ।

# ਅੰਮ੍ਰਿਤ ਕੀਰਤਨ


**ਸੰਪਾਦਕ (ਆਨਰੇਰੀ)**

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ.ਡੀ.

ਸਹਿਯੋਗੀ

**ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ**


- **ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**
- **'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90, ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।**

**ਚੰਦੇ ਦਾ ਵੇਰਵਾ**

- **ਇਕ ਕਾਪੀ: 15 ਰੁਪਏ**
- **ਦੇਸ਼ ਸਾਲਾਨਾ ਚੰਦਾ: 150 ਰੁਪਏ**
- **ਜੀਵਨ ਮੈਂਬਰ ਚੰਦਾ: 1500 ਰੁਪਏ**
- **ਵਿਦੇਸ਼: ਸਾਲਾਨਾ ਚੰਦਾ INR 1500**
- **'ਅੰਮ੍ਰਿਤ ਕੀਰਤਨ' ਲਈ ਡਰਾਫ਼ਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-**


**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**

422, ਸੈਕਟਰ 15-ਏ, ਚੰਡੀਗੜ੍ਹ-160015

ਫ਼ੋਨ: 0172-2772660, 098140 53630

e-mail: drjagirsingh@gmail.com

Website: http://www.amritkirtan.com



**ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,** ਸ਼ੋਅਰੂਮ ਨੰ: 443, ਸੈਕਟਰ 70, ਮੁਹਾਲੀ (ਫ਼ੋਨ: 0172-2216283, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


| | |
|---|---|
| **ਸੰਪਾਦਕੀ: ਕਰਉ ਬੇਨੰਤੀਆ: ਰਾਗਾਂਜਲੀ ਦਾ ਨਵਾਂ ਐਡੀਸ਼ਨ – ਡਾ. ਜਾਗੀਰ ਸਿੰਘ** | 2 |
| **ਭਾਈ ਸੰਤਾ ਸਿੰਘ ਰਾਗੀ (ਯਮੁਨਾਨਗਰ) – ਡਾ. ਹਰਵਿੰਦਰ ਸਿੰਘ** | 3 |
| **ਗੁਰਮਤਿ ਸੰਗੀਤ ਵਿਚ ਰਾਗ ਰਾਮਕਲੀ – ਡਾ. ਗੁਰਨਾਮ ਸਿੰਘ** | 5 |
| **ਗੁਰੂ ਨਾਨਕ ਬਿੰਬ – ਡਾ. ਹਰਿਭਜਨ ਸਿੰਘ** | 8 |
| **Bhai Prithipal Singh Mohanpal Singh A Link with the Musical Heritage of Nankana Sahib - Harjap Singh Aujla** | 16 |
| **ਸੁਰਲਿਪੀ – ਰਾਗ ਸਿੰਧੜਾ – ਸਰਦਾਰ ਗੁਰਬਖਸ਼ ਸਿੰਘ** | 18 |
| **ਸੁਰਲਿਪੀ ਵਾਲਾ ਸ਼ਬਦ ਅਤੇ ਉਸ ਦੇ ਅੰਗ੍ਰੇਜ਼ੀ ਵਿਚ ਅਰਥ** | 20 |


Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/- I/ CHD/ Tech./ 80-G/ 2008-939 dated 19-05-2008 valid up to 31/03/2012 and now valid in perpetuity. Cheques/Drafts should be sent in the name of **AMRIT KIRTAN TRUST** payable at Mohali . Donations can also be sent by money order at the address: **AMRIT KIRTAN TRUST** (Regd.), 422, Sector 15-A, Chandigarh-160015. The Donations can be made by Electronic Transfer also. The Bank details are: **AMRIT KIRTAN TRUST** Savings Bank A/C No.65079603302, IFSC: SBIN0018141 in the State Bank of India, Phase 3B2, Mohali Punjab Branch. After such a Deposit, please inform us your Name and Address as also the deposit details to enable us to send you the receipt.

# ਕਰਉ ਬੇਨੰਤੀਆ

## ਰਾਗਾਂਜਲੀ ਦਾ ਨਵਾਂ ਐਡੀਸ਼ਨ

ਸ੍ਰ ਗੁਰਬਖਸ਼ ਸਿੰਘ ਯੂ ਕੇ ਵਾਲਿਆਂ ਦੀ ਪੁਸਤਕ ਰਾਗਾਂਜਲੀ ਦਾ ਸੋਧਿਆ ਹੋਇਆ ਐਡੀਸ਼ਨ ਆ ਗਿਆ ਹੈ। ਗੁਰਬਖਸ਼ ਸਿੰਘ ਜੀ ਮੇਰੇ ਗੁਰ ਭਾਈ ਹਨ ਉਹਨਾਂ ਨੇ ਪੰਡਤ ਯਸ਼ਪਾਲ ਜੀ ਜੋ ਆਗਰਾ ਘਰਾਣੇ ਦੇ ਵਰਤਮਾਨ ਸਮੇਂ ਦੇ ਸਿਰਮੌਰ ਗਾਇਕ ਹਨ, ਪਾਸੋਂ ਕੁਝ ਸਮਾਂ ਸੰਗੀਤ ਸਿਖਿਆ ਪ੍ਰਾਪਤ ਕੀਤੀ ਹੈ ਅਤੇ ਮੈਂ ਵੀ ਸੰਗੀਤ ਦੀ ਐਮ ਏ ਕਰਨ ਸਮੇਂ ਪੰਡਤ ਜੀ ਪਾਸੋਂ ਸਿਖਿਆ ਲੈਂਦਾ ਰਿਹਾ ਹਾਂ।

ਸ੍ਰ ਗੁਰਬਖਸ਼ ਸਿੰਘ ਜੀ ਜਿਥੇ ਸੰਗੀਤ ਦੇ ਸੁਲਝੇ ਹੋਏ ਗਾਇਕ ਹਨ ਉੱਥੇ ਉਹ ਰਾਗਾਂ ਦੀਆਂ ਬਾਰੀਕੀਆਂ ਨੂੰ ਪਛਾਣਨ ਵਾਲੇ ਸਮੀਖਿਅਕ ਵੀ ਹਨ। ਇਸ ਪੁਸਤਕ ਵਿੱਚ ਉਹਨਾਂ ਦੀ ਭਾਰਤੀ ਸੰਗੀਤ ਅਤੇ ਖਾਸ ਕਰਕੇ ਰਾਗ ਪ੍ਰਬੰਧ ਬਾਰੇ ਸਮਝ ਥਾਂ-ਥਾਂ ਤੇ ਪ੍ਰਗਟ ਹੁੰਦੀ ਹੈ। ਜਿਵੇਂ ਰਾਗ ਭੁਪਾਲੀ ਬਾਰੇ ਆਪ ਲਿਖਦੇ ਹਨ- 'ਰਾਤ ਦੇ ਪਹਿਲੇ ਪਹਿਰ ਵਿੱਚ ਗਾਏ ਜਾਣ ਵਾਲਾ ਇਹ ਰਾਗ ਬਹੁਤ ਸਰਲ ਪ੍ਰਤੀਤ ਹੁੰਦਾ ਹੈ ਪਰ ਇਸ ਗੱਲ ਵਿੱਚ ਬਹੁਤੀ ਸਚਾਈ ਨਹੀਂ ਕਿਉਂਕਿ ਰਾਗਦਾਰੀ ਦੀ ਪੂਰੀ ਸਮਝ ਨਾ ਹੋਣ ਤੇ ਇਹ ਰਾਗ ਦੇਸਕਾਰ ਅਤੇ ਸ਼ੁੱਧ ਕਲਿਆਣ ਨਾਲ ਉਲਝ ਸਕਦਾ ਹੈ।' ਰਾਗ ਸ਼ੁਧ ਕਲਿਆਣ ਦਾ ਜ਼ਿਕਰ ਕਰਦਿਆਂ ਲਿਖਦੇ ਹਨ - 'ਅਵਰੋਹ ਵਿੱਚ ਤੀਵਰ ਮੱਧਯਮ ਅਤੇ ਨਿਖਾਦ ਨਾ ਲਾ ਕੇ ਵੀ ਸ਼ੁਧ ਕਲਿਆਨ ਗਾਇਆ ਜਾ ਸਕਦਾ ਹੈ ਪਰ ਇਹ ਸਾਰੀਆਂ ਸੁਰਾਂ ਰਾਗ ਭੁਪਾਲੀ ਦੀਆਂ ਹੋਣ ਕਰਕੇ ਇਸ ਨੂੰ ਭੁਪਾਲੀ ਤੋਂ ਬਚਾਉਣਾ ਕੁਸ਼ਲ ਗਾਇਕਾਂ ਦਾ ਹੀ ਕੰਮ ਹੈ। ਵੱਖ-ਵੱਖ ਰਾਗਾਂ ਬਾਰੇ ਟਿੱਪਣੀਆਂ ਗੁਰਬਖਸ਼ ਸਿੰਘ ਜੀ ਦੇ ਕਿਰਿਆਤਮਕ ਅਨੁਭਵ ਵਿੱਚੋਂ ਨਿਕਲਦੀਆਂ ਹਨ। ਰਾਗਾਂ ਦੇ ਗਾਇਨ ਅਤੇ ਗਾਇਨ ਸਮੇਂ ਆਉਂਦੀਆਂ ਕਠਿਨਾਈਆਂ ਨੂੰ ਉਹ ਇਸ ਪੁਸਤਕ ਵਿੱਚ ਬੇਬਾਕੀ ਨਾਲ ਪ੍ਰਗਟ ਕਰਦੇ ਹਨ। ਵਾਦੀ-ਸੰਵਾਦੀ ਸੁਰ ਬਾਰੇ ਚਰਚਾ ਕਰਦਿਆਂ ਉਹ ਲਿਖਦੇ ਹਨ - 'ਪਰ ਕੀ ਵਾਦੀ-ਸੰਵਾਦੀ ਸੁਰਾਂ ਦੀ ਨਿਉਕਤੀ ਹਰ ਰਾਗ ਦੀ ਪਹਿਚਾਨ ਹੈ? ਜਾਂ ਕੀ ਉਸ ਰਾਗ ਦੇ ਵਾਦੀ ਸੁਰ ਤੋਂ ਜ਼ਿਆਦਾ ਕਿਸੇ ਹੋਰ ਸੁਰ ਉਤੇ ਠਹਿਰਾਅ ਜਾਂ ਕੋਈ ਹੋਰ ਸੁਰ ਉੱਭਰ ਕੇ ਸਾਹਮਣੇ ਨਹੀਂ ਆ ਰਿਹਾ? ਜਿਵੇਂ, ਬਿਲਾਵਲ - ਸ ਰ ਗ-ਰ ਗ - ਮ ਗ ਰ ਗ- ਗ ਪ ਮ ਗ- ਰ ਗ - ਗ ਮ ਰ ਸ।ਕਿਉਂਕਿ ਸ਼ਾਸਤਰਾਂ ਅਨੁਸਾਰ ਸਵੇਰ ਦੇ ਰਾਗ ਵਿੱਚ ਵਾਦੀ ਸੁਰ ਉੱਪਰਲੇ ਅੱਧ ਸਪਤਕ ਵਿੱਚ ਹੋਣਾ ਚਾਹੀਦਾ ਹੈ ਤਾਂ ਬਦੋ ਬਦੀ ਗੰਧਾਰ ਦੀ ਥਾਂ ਧੈਵਤ ਨੂੰ ਬਿਲਾਵਲ ਦਾ ਵਾਦੀ ਸੁਰ ਮੰਨ ਲਿਆ ਗਿਆ ਹੈ।ਵੇਖੀਏ ਧੈਵਤ ਸੁਰ ਕਿੰਨਾ ਕੁ ਪ੍ਰਧਾਨ ਸੁਰ ਹੈ- ਗ ਪ ਧ ਨੁ ਧ ਪ- ਗ ਪ ਨ ਸਂ ਨ ਧ ਨੁ ਧ ਪ- ਧ ਗ ਪ ਮ ਗ- ਰ ਗ ਰ ਸ। ਜਿਸ ਤਰ੍ਹਾਂ ਦਾ ਇਸ ਸੁਰ ਸੰਮੂਹ ਵਿੱਚ ਧੈਵਤ ਦਾ ਸੁਰ ਲਗਾਵ ਹੈ ਧੈਵਤ ਸੁਰ ਪ੍ਰਧਾਨ ਜਾਂ ਮੀਤ ਪ੍ਰਧਾਨ ਤਾਂ ਕੀ ਸਗੋਂ ਇਹ ਤਾਂ ਅਲਪ ਹੀ ਲਗਦਾ ਹੈ। ਇਹ ਵੀ ਹੋ ਸਕਦਾ ਹੈ ਕਿ ਅੱਜ ਤੋਂ 2-4 ਸੌ ਸਾਲ ਪਹਿਲਾਂ ਰਾਗ ਬਿਲਾਵਲ ਅਜ ਨਾਲੋਂ ਕੁਝ ਵੱਖ ਤਰੀਕੇ ਨਾਲ ਗਾਇਆ ਜਾਂਦਾ ਹੋਵੇ, ਤਾਂ ਫਿਰ ਵਾਦੀ-ਸੰਵਾਦੀ ਵੀ ਬਦਲਨੇ ਚਾਹੀਦੇ ਸਨ।'

ਪੁਸਤਕ ਵਿੱਚ ਦਿੱਤੀਆਂ ਸਾਰੀਆਂ ਸ਼ਬਦ ਰੀਤਾਂ ਦਾ ਗਾਇਨ ਕੀਤਾ ਜਾ ਸਕਦਾ ਹੈ।ਕਿਉਂਕਿ ਇਹ ਸ਼ਬਦ ਰੀਤਾਂ ਪਹਿਲਾਂ ਗੁਰਬਖਸ਼ ਸਿੰਘ ਜੀ ਨੇ ਗਾਇਨ ਕੀਤੀਆਂ ਅਤੇ ਫਿਰ ਇਹਨਾਂ ਦੀ ਨੋਟੇਸ਼ਨ ਬਣਾਈ ਹੈ। ਇਹ ਪੁਸਤਕ ਕੀਰਤਨਕਾਰਾਂ ਲਈ ਨਿਸਚੇ ਹੀ ਲਾਭਵੰਤ ਸਾਬਤ ਹੋਵੇਗੀ। ਪੁਸਤਕ ਦੀ ਕੀਮਤ ਹੈ 550 ਰੁਪਏ ਅਤੇ ਇਸ ਨੂੰ ਹੇਠ ਲਿਖੇ ਐਡਰੈਸ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ-

**SAPTRISHI PUBLICATION**
**24/9 INDUSTRIAL AREA, PHASE-2**
**NEAR TRIBUNE CHOWK, CHANDIGARH**
**PHONE-94630-88272, 0172-5002591**

-- ਭੁੱਲ ਚੁੱਕ ਖਿਮਾ ਜੀ --

# ਭਾਈ ਸੰਤਾ ਸਿੰਘ ਰਾਗੀ (ਯਮੁਨਾਨਗਰ)

**ਡਾ. ਹਰਵਿੰਦਰ ਸਿੰਘ (9872297088)**

ਕੀਰਤਨ ਸ਼ਬਦ ਸੰਸਕ੍ਰਿਤ ਵਿਚ ਕੀਰਤੀ ਜਾਂ ਸਿਫਤੀ ਦਾ ਲਖਾਇਕ ਹੈ। ਕਲਜੁਗ ਵਿਚ ਇਸ ਨੂੰ ਲੋਕ ਕਲਿਆਨ ਦਾ ਇਕ ਪ੍ਰਮੁੱਖ ਸਾਧਨ ਸਵੀਕਾਰ ਕੀਤਾ ਹੈ। ਪ੍ਰਭੂ ਭਗਤੀ ਅਤੇ ਕੀਰਤੀ ਲਈ ਗਾਇਨ, ਵਾਦਨ ਅਤੇ ਨਿਰਤ ਵਿੱਚੋਂ ਪ੍ਰਮੁੱਖਤਾ ਗਾਇਨ ਕਲਾ ਨੂੰ ਹੀ ਦਿਤੀ ਗਈ ਹੈ। ਮੱਧਕਾਲੀਨ ਅਵਤਾਰਾਂ, ਸੰਤਾਂ, ਭਗਤਾਂ ਅਤੇ ਸੂਫੀਆਂ ਨੇ ਜਨ ਸਾਧਾਰਨ ਦੇ ਕਲਿਆਣ ਹਿਤ ਰਾਗ ਬੱਧ ਰਚਨਾ ਕਰਦਿਆਂ ਭਗਤੀ ਸੰਗੀਤ ਦੇ ਕਿਵਾੜ ਸਭ ਲਈ ਖੋਲ ਦਿਤੇ। ਇਸ ਦਾ ਸਿਹਰਾ ਗੁਰੂ ਸਾਹਿਬਾਨ ਦੇ ਸਿਰ ਬੱਝਾ ਜਿੰਨਾਂ ਨੇ ਨਵਧਾ ਭਗਤੀ ਵਿਚੋਂ ਕੀਰਤਨ ਨੂੰ ਪ੍ਰਧਾਨਤਾ ਦਿੰਦਿਆਂ ਗੁਰਬਾਣੀ ਕੀਰਤਨ (ਸੰਗੀਤ) ਦੀ ਨੀਂਹ ਰੱਖੀ। ਗੁਰੂ ਘਰ ਵਿਚ ਕੀਰਤਨ ਦਾ ਪ੍ਰਮੁੱਖ ਸਥਾਨ ਹੈ ਅਤੇ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਸਿੱਖਾਂ ਵਿਚ ਕੀਰਤਨ ਦੀ ਪ੍ਰਥਾ ਚਲੀ ਆ ਰਹੀ ਹੈ ਅਤੇ ਕੀਰਤਨ ਦੀ ਇਸ ਚਲ ਰਹੀ ਪ੍ਰੰਪਰਾ ਵਿਚ ਇਕ ਤੋਂ ਇਕ ਵੱਧ ਕੇ ਮਹਾਨ ਵਿਦਵਾਨ ਕੀਰਤਨਕਾਰ ਸਿੱਖ ਸਮਾਜ ਵਿਚ ਹੋਏ ਹਨ। ਜਿੰਨਾਂ ਨੇ ਸੰਗੀਤ ਅਤੇ ਗੁਰਬਾਣੀ ਦੀ ਸਾਧਨਾ ਰਾਹੀਂ ਆਉਣ ਵਾਲੀਆਂ ਪੀੜ੍ਹੀਆਂ ਵਿਚ ਇਸ ਕਲਾ ਨੂੰ ਸਦਾ ਲਈ ਜੀਵਿਤ ਰੱਖਣ ਦਾ ਉਪਰਾਲਾ ਕੀਤਾ ਹੈ ਇਹਨਾਂ ਹੀ ਟਕਸਾਲੀ ਕੀਰਤਨਕਾਰਾਂ ਵਿਚੋਂ ਇਕ ਨਾਮ ਭਾਈ ਸੰਤਾ ਸਿੰਘ ਰਾਗੀ (ਯਮੁਨਾ ਨਗਰ) ਦਾ ਸਾਹਮਣੇ ਆਉਂਦਾ ਹੈ।

ਗੁਰਬਾਣੀ ਦਾ ਮਿੱਠਾ ਕੀਰਤਨ ਕਰਨ ਵਾਲੇ ਭਾਈ ਸੰਤਾ ਸਿੰਘ ਜੀ ਦਾ ਜਨਮ ਪਿੰਡ ਗੁਲਾਲੀਪੁਰ, ਜਿਲ੍ਹਾ ਤਰਨ ਤਾਰਨ ਵਿਖੇ ਪਿਤਾ ਸ੍ਰ. ਬੂੜ ਸਿੰਘ ਅਤੇ ਮਾਤਾ ਜਿੰਦ ਕੌਰ ਜੀ ਦੇ ਘਰ ਹੋਇਆ। ਭਾਈ ਸਾਹਿਬ ਜੀ ਦੇ ਪਿਤਾ ਜੀ ਨੂੰ ਗੁਰਬਾਣੀ ਕੀਰਤਨ ਦਾ ਬਹੁਤ ਸ਼ੌਕ ਸੀ ਇਸੇ ਲਈ ਆਪ ਜੀ ਨੇ ਆਪਣੇ ਸਪੁੱਤਰ ਭਾਈ ਸੰਤਾ ਸਿੰਘ ਨੂੰ ਕੀਰਤਨ ਸਿੱਖਣ ਦੀ ਪ੍ਰੇਰਣਾ ਦਿਤੀ। ਭਾਈ ਸਾਹਿਬ ਜੀ ਦੀ ਆਵਾਜ ਤਾਂ ਸੁਰੀਲੀ ਹੈ ਹੀ ਸੀ ਇਸੇ ਲਈ ਸਾਰੇ ਉਸਤਾਦਾਂ ਨੇ ਆਪ ਜੀ ਨੂੰ ਪਿਆਰ ਨਾਲ ਕੀਰਤਨ ਅਤੇ ਸੰਗੀਤ ਸਿੱਖਣ ਵਿਚ ਬਹੁਤ ਮਦਦ ਕੀਤੀ।

ਸੰਗੀਤ ਦੀ ਸਿਖਿਆ ਆਪ ਜੀ ਨੇ ਪਿੰਡ ਕੁਹਾੜਕਾ (ਜਿਲਾ ਤਰਨ ਤਾਰਨ) ਦੇ ਉਸਤਾਦ ਨਵਾਬਦੀਨ ਸੁੱਧਾ, ਪੰਡਿਤ ਨੱਥੂ ਰਾਮ ਜੀ (ਤਰਨ ਤਾਰਨ ਵਾਲੇ), ਖਾਂ ਸਾਹਿਬ ਤਵੱਕੁਲ ਹੁਸੈਨ ਖਾਂ (ਜਾਡਲੇ ਵਾਲੇ) ਅਤੇ ਮਸਕੀਨ ਅਲੀ ਪਾਸੋਂ ਹਾਸਿਲ ਕੀਤੀ। ਸੰਗੀਤ ਸਿਖਿਆ ਦੇ ਨਾਲ-ਨਾਲ ਆਪ ਜੀ ਨੇ ਕੀਰਤਨ ਦੀ ਸਿਖਿਆ ਭਾਈ ਬੁੱਧ ਸਿੰਘ ਤਾਨ, ਗਿਆਨੀ ਗਿਆਨ ਸਿੰਘ ਅਲਮਸਤ ਅਤੇ ਭਾਈ ਗੁਰਮੁਖ ਸਿੰਘ ਫੱਕਰ ਆਦਿ ਰਾਗੀਆਂ (ਕੀਰਤਨਕਾਰਾਂ) ਤੋਂ ਹਾਸਿਲ ਕੀਤੀ। ਕੁਝ ਸਮਾਂ ਆਪ ਜੀ ਨੇ ਸੰਤ ਸੁਜਾਨ ਸਿੰਘ ਜੀ (ਦਿੱਲੀ ਵਾਲੇ) ਦੇ ਨਾਲ ਵੀ ਕੀਰਤਨ ਕਰਨ ਵਿਚ ਸੰਗਤ ਕੀਤੀ। ਆਪ ਜੀ ਉਹਨਾਂ ਨਾਲ ਦਿਲਰੁਬਾ ਵੀ ਵਜਾਉਂਦੇ ਸਨ।

ਭਾਈ ਸੰਤਾ ਸਿੰਘ ਜੀ ਭਾਈ ਚਾਂਦ, ਭਾਈ ਸੱਦੂ ਖਾਂ, ਭਾਈ ਲਾਲ, ਭਾਈ ਤਾਬਾ, ਭਾਈ ਮੌਲਾ ਬਖਸ਼, ਭਾਈ ਸੰਤੂ ਖਾਂ ਆਦਿ ਰਬਾਬੀ ਕੀਰਤਨੀਆਂ ਦਾ ਕੀਰਤਨ ਸੁਣਨ ਦਾ ਬਚਪਨ ਤੋਂ ਹੀ ਸ਼ੌਕ ਰੱਖਦੇ ਸਨ ਅਤੇ ਉਪਰੋਕਤ ਰਬਾਬੀਆਂ ਦੇ ਕੀਰਤਨ ਤੋਂ ਇਤਨੇ ਪ੍ਰਭਾਵਿਤ ਸਨ ਕਿ ਇਹਨਾਂ ਨੇ ਆਪਣੇ ਕੀਰਤਨ ਕਰਨ ਦੇ ਢੰਗ ਨੂੰ ਵੀ ਇਸੇ ਰੰਗ ਵਿੱਚ ਢਾਲਣ ਦੀ ਕੋਸ਼ਿਸ਼ ਕੀਤੀ। ਆਪ ਆਪਣੇ ਕੀਰਤਨ ਵਿਚ ਯਥਾਯੋਗ ਰਾਗਦਾਰੀ ਦੇ ਨਾਲ-ਨਾਲ ਢੁੱਕਵੇਂ ਪ੍ਰਮਾਣ ਦਿੰਦੇ ਸਨ ਅਤੇ ਵਿਆਖਿਆ ਵੀ ਕਰਦੇ ਸਨ। ਗੁਰਬਾਣੀ ਦੇ ਅਰਥਾਂ ਲਈ ਆਪ ਜੀ ਨੇ ਸੰਤ ਅਮੀਰ ਸਿੰਘ ਜੀ (ਸਤੋ ਵਾਲੀ ਗਲੀ) ਅੰਮ੍ਰਿਤਸਰ, ਸੰਤ ਨਿਸ਼ਚਲ ਸਿੰਘ ਜੀ (ਯਮੁਨਾ ਨਗਰ) ਅਤੇ ਸੰਤ ਗਰੀਬ ਸਿੰਘ ਜੀ ਦੀ ਅਗਵਾਈ ਹਾਸਿਲ ਕੀਤੀ।

ਆਪ ਜੀ ਨੇ ਸਿੱਖ ਧਰਮ ਦੇ ਗ੍ਰੰਥਾਂ ਦੇ ਨਾਲ-ਨਾਲ ਭਾਗਵਤ ਗੀਤਾ, ਪੁਰਾਨ ਅਤੇ ਕੁਰਾਨ ਨੂੰ ਵੀ ਵਾਚਿਆ ਸੀ। ਇਸੇ ਲਈ ਜਦੋਂ ਵੀ ਆਪ ਵਿਆਖਿਆ ਕਰਦੇ ਤਾਂ ਆਪ ਸਿੱਖ ਧਰਮ ਦਾ ਬਾਕੀ ਧਰਮਾਂ ਨਾਲ ਤੁਲਨਾਤਮਕ ਅਧਿਐਨ

ਪੇਸ਼ ਕਰਦੇ ਤਾਂ ਸਰੋਤੇ ਬਹੁਤ ਪ੍ਰਭਾਵਿਤ ਹੁੰਦੇ ਸਨ। ਆਪ ਹਰਮੋਨੀਅਮ ਦੇ ਨਾਲ-ਨਾਲ ਤਾਨਪੁਰਾ, ਵਾਇਲਨ, ਦਿਲਰੁਬਾ, ਸਿਤਾਰ, ਬੈਂਜੋ ਆਦਿ ਸਾਜ਼ਾਂ ਨਾਲ ਕੀਰਤਨ ਕਰਨ ਦਾ ਵੀ ਸ਼ੌਕ ਰੱਖਦੇ ਸਨ।

ਆਪ ਜੀ ਨੇ ਪੰਜਾਬ ਵਿਚ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ, ਦਰਬਾਰ ਸਾਹਿਬ ਸ੍ਰੀ ਤਰਨ ਤਾਰਨ, ਦੁਖ ਨਿਵਾਰਨ ਸਾਹਿਬ ਪਟਿਆਲਾ ਆਦਿ ਵਿਚ ਕੀਰਤਨ ਦੀ ਸੇਵਾ ਕਰਨ ਦੇ ਨਾਲ-ਨਾਲ ਪੰਜਾਬ ਤੋਂ ਬਾਹਰ ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ, ਪਾਉਂਟਾ ਸਾਹਿਬ, ਲਖਨਊ, ਸ਼ਹਾਜਹਾਂਪੁਰ, ਇਲਾਹਾਬਾਦ, ਗਵਾਲੀਅਰ, ਕਲਕਤਾ ਆਦਿ ਸਥਾਨਾਂ ਤੇ ਵੀ ਕੀਰਤਨ ਦੀ ਸੇਵਾ ਕੀਤੀ।

ਭਾਈ ਸਾਹਿਬ ਜੀ ਨੇ ਕੀਰਤਨ ਕਰਨ ਲਈ ਵਿਦੇਸ਼ਾਂ ਵਿਚ ਵੀ ਯਾਤਰਾ ਕੀਤੀ। ਆਪ ਨੇ ਕੀਨੀਆ, ਮਲੇਸ਼ੀਆ, ਸਿੰਘਾਪੁਰ, ਥਾਈਲੈਂਡ, ਅਫਗਾਨਿਸਤਾਨ ਆਦਿ ਦੀਆਂ ਸੰਗਤਾਂ ਨੂੰ ਕੀਰਤਨ ਸੁਣਾ ਕੇ ਖੁਸ਼ੀਆਂ ਪ੍ਰਾਪਤ ਕੀਤੀਆਂ।

ਭਾਈ ਸਾਹਿਬ ਦੀ ਗਾਇਕੀ:-

(1) ਖੁੱਲ੍ਹੇ ਕੰਠ ਨਾਲ ਗਾਇਨ, ਸੁੰਦਰ ਬੁਲੰਦ ਅਤੇ ਦਮਦਾਰ ਆਵਾਜ

(2) ਕੀਰਤਨ ਦੀ ਟਕਸਾਲੀ ਸ਼ੈਲੀ ਤੋਂ ਇਲਾਵਾ ਕੀਰਤਨ ਦੀਆਂ ਵਿਭਿੰਨ ਗਾਇਨ ਸ਼ੈਲੀਆਂ (ਧਾਰਨਾਵਾਂ ਆਦਿ) ਤੇ ਵੀ ਪੂਰਨ ਅਧਿਕਾਰ ਸੀ।

(3) ਸ਼ਬਦ ਗਾਇਨ ਦੇ ਨਾਲ ਢੁੱਕਵੇਂ ਪ੍ਰਮਾਣ ਦੇਣੇ ਆਪ ਜੀ ਦੀ ਕੀਰਤਨ ਸ਼ੈਲੀ ਦਾ ਅੰਗ ਸੀ।

(4) ਕਣ, ਆਵਾਜ਼ ਦੀ ਫੇਂਕ, ਪੁਕਾਰ, ਆਵਾਜ ਦਾ ਲਗਾਓ, ਰਾਗ ਵਿਚ ਸੁਰਾਂ ਦਾ ਲਗਾਓ, ਮੀਂਡ, ਖਟਕਾ ਆਦਿ ਦਾ ਪ੍ਰਯੋਗ ਆਪ ਜੀ ਦੀ ਗਾਇਕੀ ਵਿਚ ਇਕ ਵਿਸ਼ੇਸ਼ ਅੰਗ ਬਣਿਆ ਰਹਿੰਦਾ ਸੀ।

(5) ਗੁਰਬਾਣੀ ਦਾ ਸ਼ੁੱਧ ਅਤੇ ਸਪਸ਼ਟ ਉਚਾਰਨ ਦਾ ਆਪ ਬਹੁਤ ਧਿਆਨ ਰੱਖਦੇ ਸਨ।

ਸੈਨਿਕ ਦੇ ਰੂਪ ਵਿਚ:-

ਭਾਈ ਸਾਹਿਬ ਫੌਜ ਵਿਚ ਵੀ ਰਹੇ ਅਤੇ ਦੂਜੀ ਸੰਸਾਰ ਜੰਗ ਵਿਚ ਆਪ ਜਾਪਾਨ ਦੇ ਨਾਲ ਹੋਈ ਲੜਾਈ ਵਿਚ ਬਰਮਾ ਵਿਖੇ ਤੈਨਾਤ ਸਨ।

ਕਾਰੀਗਰ ਦੇ ਰੂਪ ਵਿਚ:-

ਭਾਈ ਸਾਹਿਬ ਜੀ ਦੇ ਜੀਵਨ ਦਾ ਇਕ ਹੋਰ ਮਹੱਤਵਪੂਰਨ ਪੱਖ ਸੀ ਕਿ ਆਪ ਕੇਵਲ ਕੀਰਤਨ ਭੇਟਾ ਉਤੇ ਹੀ ਨਿਰਭਰ ਨਹੀਂ ਸੀ ਰਹਿੰਦੇ। ਆਪ ਜੀ ਇਕ ਕੁਸ਼ਲ ਖਾਨਦਾਨੀ ਕਾਰੀਗਰ ਸਨ। ਇਹਨਾਂ ਦੀਆਂ ਉਸਾਰੀਆਂ ਇਮਾਰਤਾਂ ਅਤੇ ਉਹਨਾਂ ਉਤੇ ਕੀਤੀ ਗਈ ਮੀਨਾਕਾਰੀ ਆਪ ਜੀ ਦੀ ਬਹੁਪੱਖੀ ਸ਼ਖਸ਼ੀਅਤ ਦੀ ਸਾਖੀ ਭਰਦੀ ਹੈ। ਆਪ ਸੰਤ ਬਾਬਾ ਖੜਕ ਸਿੰਘ ਜੀ ਕਾਰ ਸੇਵਾ ਵਾਲਿਆਂ ਦੀ ਸੰਗਤ ਵਿਚ ਵੀ ਰਹੇ। ਆਪ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਘੰਟਾਘਰ ਦੇ ਗੁੰਬਦ ਦੀਆਂ ਪੱਤੀਆਂ ਆਦਿ ਚਿਤਰੀਆਂ। ਗੁਰਦੁਆਰਾ ਮੰਜੀ ਸਾਹਿਬ ਦਾ ਇੱਕ ਗੁੰਬਦ ਵੀ ਇਹਨਾਂ ਨੇ ਤਿਆਰ ਕੀਤਾ ਸੀ। ਗੁਰਦੁਆਰਾ ਤਰਨ ਤਾਰਨ ਸਾਹਿਬ, ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਅਤੇ ਡੇਰਾ ਸੰਤਪੁਰਾ, ਯਮੁਨਾਨਗਰ ਵਿਚ ਵੀ ਆਪ ਕਾਰੀਗਰ ਦੇ ਤੌਰ ਤੇ ਸੇਵਾ ਕਰਦੇ ਰਹੇ ਅਤੇ ਸਜਾਵਟੀ ਕੰਮ ਕੀਤਾ। ਜਿਹਨਾਂ ਨੇ ਵੀ ਆਪ ਦੀਆਂ ਇਹਨਾਂ ਕਲਾ ਕ੍ਰਿਤਾਂ ਨੂੰ ਦੇਖਿਆ ਹੈ ਉਹ ਦੱਸਦੇ ਹਨ ਕਿ ਇਹ ਉਤਮ ਕਲਾ ਦੇ ਨਮੂਨੇ ਹਨ।

ਆਪ ਸਟੂਡੀਓ ਰਿਕਾਰਡਿੰਗ ਵਿੱਚ ਬਹੁਤ ਦਿਲਚਸਪੀ ਨਹੀਂ ਰੱਖਦੇ ਸਨ ਪਰੰਤੂ ਫਿਰ ਵੀ ਅੰਮ੍ਰਿਤ ਵਾਣੀ ਕੰਪਨੀ ਨੇ ਆਪ ਜੀ ਦੀਆਂ ਸ਼ਬਦਾਂ ਦੀਆਂ ਦੋ ਸੀ.ਡੀ. ਰਿਕਾਰਡ ਕੀਤੀਆਂ ਹਨ।

17 ਅਪਰੈਲ 1989 ਨੂੰ ਗੁਰੂ ਘਰ ਦੇ ਇਸ ਮਹਾਨ ਕੀਰਤਨੀਏ ਨੇ ਆਪਣੇ ਅੰਤਿਮ ਸਵਾਸ ਮੋਹਾਲੀ ਵਿਖੇ ਲਏ ਅਤੇ ਅਕਾਲ ਪੁਰਖ ਦੇ ਚਰਨਾਂ ਵਿੱਚ ਲੀਨ ਹੋ ਗਏ। ਆਪ ਨੇ ਆਪਣੇ ਸਪੁੱਤਰਾਂ ਨੂੰ ਵੀ ਇਹ ਕੀਰਤਨ ਕਰਨ ਦੀ ਸੁੱਚੀ ਕਿਰਤ ਕਰਨ ਦੀ ਪ੍ਰੇਰਨਾ ਦਿੱਤੀ। ਜਿੱਥੇ ਆਪ ਜੀ ਦੇ ਵੱਡੇ ਸਪੁੱਤਰ ਹਰਬੰਸ ਸਿੰਘ ਇੱਕ ਚੰਗੇ ਉਸਰਈਏ ਹਨ ਉਥੇ ਭਾਈ ਬਲਬੀਰ ਸਿੰਘ (ਆਸਟਰੇਲੀਆ) ਦਰਸ਼ਨ ਸਿੰਘ ਅਤੇ ਡਾ. ਹਰਵਿੰਦਰ ਸਿੰਘ ਚੰਗੇ ਕੀਰਤਨੀਏ ਹਨ। ਸ੍ਰ. ਦਰਸ਼ਨ ਸਿੰਘ ਸਰਕਾਰੀ ਕਾਲਜ ਮੋਹਾਲੀ ਵਿਖੇ ਅਤੇ ਡਾ. ਹਰਵਿੰਦਰ ਸਿੰਘ ਸਰਕਾਰੀ ਕਾਲਿਜ (ਲੜਕੀਆਂ) ਸੈਕਟਰ-11 ਚੰਡੀਗੜ੍ਹ ਵਿਖੇ ਪ੍ਰੋਫੈਸਰ (ਸੰਗੀਤ) ਦੀ ਸੇਵਾ ਨਿਭਾ ਰਹੇ ਹਨ।

ਇਹਨਾਂ ਤੋਂ ਭਾਈ ਸੰਤਾ ਸਿੰਘ ਜੀ ਦੀ ਕੀਰਤਨ ਸ਼ੈਲੀ ਨੂੰ ਹੋਰ ਵਿਕਸਿਤ ਕਰਨ ਦੀਆਂ ਭਰਪੂਰ ਆਸਾਂ ਹਨ।

---

# ਗੁਰਮਤਿ ਸੰਗੀਤ ਵਿਚ ਰਾਗ ਰਾਮਕਲੀ

***ਡਾ. ਗੁਰਨਾਮ ਸਿੰਘ**

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦੀ ਚੋਣ ਬਾਣੀ ਦੀ ਪ੍ਰਕਿਰਤੀ ਅਤੇ ਸਬੰਧਿਤ ਬਾਣੀ ਰਚਨਾ ਦੇ ਸਭਿਆਚਾਰ ਧਰਾਤਲ ਚੋਂ ਉਪਜੇ ਰਾਗਾਂ ਅਨੁਸਾਰ ਕੀਤੀ ਗਈ ਹੈ।ਇਸੇ ਕਰਕੇ ਵਖ-ਵਖ ਸਮੇਂ, ਇਲਾਕੇ, ਰੁੱਤਾਂ ਅਤੇ ਜਾਤੀ ਵਿਸ਼ੇਸ਼ ਨਾਲ ਸਬੰਧਿਤ ਇਸ ਰਾਗ ਵਿਧਾਨ ਵਿਚ ਪ੍ਰਗਟ ਹੋਏ ਹਨ। ਰਾਮਕਲੀ ਰਾਗ ਨੂੰ ਨਾਥਾਂ ਜੋਗੀਆਂ ਨੇ ਵਿਸ਼ੇਸ਼ ਰੂਪ ਵਿਚ ਅਪਣਾਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੋਗ ਮਤ ਨਾਲ ਸਬੰਧਤ ਵਿਚਾਰਾਂ ਦਾ ਪ੍ਰਗਟਾਅ ਵੀ ਇਸੇ ਰਾਗ ਦੇ ਅੰਤਰਗਤ ਹੋਇਆ ਹੈ। ਇਸੇ ਕਰ ਕੇ ਇਸ ਨੂੰ ਨਾਥਾਂ ਤੇ ਜੋਗੀਆਂ ਦਾ ਪ੍ਰਿਯ ਰਾਗ ਵੀ ਕਿਹਾ ਜਾਂਦਾ ਹੈ। ਵਿਸ਼ੇਸ਼ ਰੂਪ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚੀ ਸਿਧ ਗੋਸਟਿ ਅਤੇ ਓਅੰਕਾਰ ਬਾਣੀ ਰਚਨਾਵਾਂ ਇਸ ਰਾਗ ਦੇ ਅੰਤਰਗਤ ਹੀ ਅੰਕਿਤ ਹਨ। ਇਸ ਤਰਾਂ ਗੁਰੂ ਸਾਹਿਬ ਸਿਧ, ਨਾਥ, ਜੋਗੀਆਂ ਅਤੇ ਅਧਿਆਤਮ ਦਰਸ਼ਨ ਦੇ ਗੂੜ ਵਿਚਾਰਾਂ ਨੂੰ ਇਸ ਰਾਗ ਦੇ ਅੰਤਰਗਤ ਪ੍ਰਗਟਾ ਰਹੇ ਹਨ। ਇਸੇ ਹੀ ਰਾਗ ਵਿਚ ਗੁਰੂ ਅਮਰਦਾਸ ਜੀ ਦੀ ਪ੍ਰਸਿੱਧ ਬਾਣੀ ਅਨੰਦ ਸਾਹਿਬ ਅੰਕਿਤ ਹੈ ਜਿਸ ਦਾ ਸਿੱਖ ਮਰਿਆਦਾ ਵਿਚ ਵਿਸ਼ੇਸ਼ ਰੂਪ ਵਿਚ ਕੀਰਤਨ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਰਾਮਕਲੀ ਨੂੰ ਅਠਾਰਵਾਂ ਸਥਾਨ ਪ੍ਰਾਪਤ ਹੈ ਜੋ ਕਿ ਪੰਨਾ ੮੭੬ 'ਤੇ ਅੰਕਿਤ ਹੈ। ਰਾਗ ਰਾਮਕਲੀ ਦੀ ਮਹਿਮਾ ਦੇ ਸੰਦਰਭ ਵਿਚ ਗੁਰੂਅਮਰਦਾਸ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੯੫੦ ਤੇ ਫੁਰਮਾਇਆ ਹੈ ਕਿ ਰਾਗ ਰਾਮਕਲੀ ਦੀਆਂ ਮਧੁਰ ਸੁਰਾਂ ਰਾਹੀਂ ਉਸ ਪ੍ਰਭੂ ਪ੍ਰਮਾਤਮਾ ਦਾ ਨਾਮ ਜੇ ਮਨ ਵਸ ਜਾਵੇ ਤਾਂ ਹੀ ਉਸ ਪ੍ਰਭੂ ਪ੍ਰਮਾਤਮਾ ਦੇ ਮਿਲਾਪ ਹਿਤ ਕੀਤੇ ਉਦਮ ਰੂਪੀ ਸ਼ਿੰਗਾਰ ਸਫਲ ਹੈ।

ਰਾਗ ਰਾਮਕਲੀ ਪੁਰਾਤਨ, ਪ੍ਰਚਲਿਤ ਤੇ ਮਧੁਰ ਰਾਗ ਹੈ। ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਅਨੁਸਾਰ ਰਾਮਕਲੀ ਨੂੰ ਭੈਰਵ ਥਾਟ ਦੀ ਰਾਗਣੀ ਸਵੀਕਾਰਿਆ ਗਿਆ ਹੈ ਜਿਸ ਦੇ ਆਰੋਹ ਵਿਚ ਮਧਿਅਮ, ਨਿਸ਼ਾਦ ਵਰਜਿਤ, ਰਿਸ਼ਭ ਧੈਵਤ ਕੋਮਲ ਅਤੇ ਬਾਕੀ ਸੁਰ ਸ਼ੁੱਧ ਲਗਦੇ ਹਨ। ਇਸ ਦਾ ਵਾਦੀ ਧੈਵਤ, ਸੰਵਾਦੀ ਰਿਸ਼ਭ ਅਤੇ ਗਾਉਣ ਦਾ ਸਮਾਂ ਸੂਰਜ ਚੜ੍ਹਨ ਤੋਂ ਦਿਨ ਦਾ ਪਹਿਲਾ ਪਹਿਰ ਮੰਨਿਆ ਗਿਆ ਹੈ।ਗੁਰਮਤਿ ਸੰਗੀਤ ਪਰੰਪਰਾ ਵਿਚ ਵੀ ਇਹ ਰਾਗ ਅੰਮ੍ਰਿਤ ਵੇਲੇ ਗਾਇਨ ਕੀਤਾ ਜਾਂਦਾ ਹੈ। ਸਮਕਾਲੀ ਭਾਰਤੀ ਰਾਗ ਪਰੰਪਰਾ ਵਿਚ ਇਸ ਰਾਗ ਦਾ ਪ੍ਰਚਲਨ ਮਿਲਦਾ ਹੈ।

ਰਾਮਕਲੀ ਰਾਗ ਦੇ ਅੰਤਰਗਤ ਗੁਰੂ ਨਾਨਕ ਦੇਵ ਜੀ ਦੇ ਗਿਆਰਾਂ ਪਦੇ, ਨੌਂ ਅਸ਼ਟਪਦੀਆਂ, ਇਕ ਵਾਰ; ਗੁਰੂ ਅਮਰਦਾਸ ਜੀ ਦਾ ਇਕ ਪਦਾ, ਪੰਜ ਅਸ਼ਟਪਦੀਆਂ,ਇਕ ਵਾਰ; ਗੁਰੂ ਰਾਮਦਾਸ ਜੀ ਦੇ ਛੇ ਪਦੇ; ਗੁਰੂ ਅਰਜਨ ਦੇਵ ਜੀ ਅਠਵੰਜਾ ਪਦੇ, ਦੋ ਪੜਤਾਲਾਂ, ਅੱਠ ਅਸ਼ਟਪਦੀਆਂ, ਚਾਰ ਛੰਤ ਅਤੇ ਗੁਰੂ ਤੇਗ ਬਹਾਦਰ ਸਾਹਿਬ ਦੇ ਤਿੰਨ ਪਦੇ ਦਰਜ ਹਨ। ਗੁਰੂ ਸਹਿਬਾਨ ਤੋਂ ਇਲਾਵਾ ਭਗਤ ਕਬੀਰ ਜੀ ਦੇ ਬਾਰਾਂ; ਭਗਤ ਨਾਮਦੇਵ ਜੀ ਦਾ ਚਾਰ; ਭਗਤ ਰਵਿਦਾਸ ਜੀ ਦਾ ਇਕ ਅਤੇ ਭਗਤ ਬੇਣੀ ਜੀ ਦਾ ਇੱਕ ਸਬਦ ਇਸ ਰਾਗ ਅਧੀਨ ਅੰਕਿਤ ਹੈ।

ਰਾਗ ਰਾਮਕਲੀ ਭਾਰਤੀ ਸੰਗੀਤ ਪੱਧਤੀ ਅਤੇ ਗੁਰਮਤਿ ਸੰਗੀਤ ਪੱਧਤੀ ਵਿਚ ਸਮਾਨ ਰੂਪ ਨਾਲ ਗਾਇਨ ਕੀਤਾ ਜਾਂਦਾ ਹੈ। ਰਾਮਕਲੀ ਰਾਗ ਕਰੁਣਾ ਰਸ ਭਰਪੂਰ ਰਾਗ ਹੈ। ਇਸ ਨੇ ਰਾਗ ਰਾਮਕਲੀ ਨੂੰ ਭੈਰਵ ਥਾਟ ਦਾ ਰਾਗ ਮੰਨਿਆ ਹੈ ਅਤੇ ਧੈਵਤ ਵਾਦੀ ਹੋਣ ਕਰਕੇ ਉਤਰਾਂਗਵਾਦੀ ਰਾਗ ਸਵੀਕਾਰਿਆ ਹੈ। ਇਸ ਵਿਚ ਰਿਸ਼ਭ, ਧੈਵਤ ਕੋਮਲ, ਦੋਵੇਂ ਮਧਿਅਮ, ਦੋਨੋਂ ਨਿਸ਼ਾਦ ਅਤੇ ਬਾਕੀ ਸ਼ੁੱਧ ਸੁਰ ਪ੍ਰਯੋਗ ਕੀਤੇ ਜਾਂਦੇ ਹਨ। ਇਸ ਦੇ ਆਰੋਹ ਵਿਚ ਰਿਸ਼ਭ ਸੁਰ ਵਰਜਿਤ ਹੈ ਅਤੇ ਅਵਰੋਹ ਸੰਪੂਰਨ ਹੈ। ਇਸ ਤਰ੍ਹਾਂ ਇਸ ਰਾਗ ਦੀ ਜਾਤੀ ਸ਼ਾੜਵ ਸੰਪੂਰਨ ਹੈ।

ਇਸ ਰਾਗ ਦਾ ਵਾਦੀ ਸੁਰ ਧੈਵਤ ਅਤੇ ਸੰਵਾਦੀ ਰਿਸ਼ਭ ਹੈ। ਇਸ ਰਾਗ ਨੂੰ ਸਵੇਰ ਦੇ ਪਹਿਲੇ ਪਹਿਰ ਵਿਚ ਗਾਇਨ ਕੀਤਾ ਜਾਂਦਾ ਹੈ।ਇਸ ਦਾ ਆਰੋਹ ਸ਼ੜਜ ਗੰਧਾਰ ਮਧਿਅਮ ਪੰਚਮ,ਧੈਵਤ(ਕੋਮਲ) ਨਿਸ਼ਾਦ ਸ਼ੜਜ(ਤਾਰ ਸਪਤਕ) ਅਤੇ ਅਵਰੋਹ ਸ਼ੜਜ(ਤਾਰ ਸਪਤਕ) ਨਿਸ਼ਾਦ ਧੈਵਤ(ਕੋਮਲ) ਪੰਚਮ, ਮਧਿਅਮ(ਤੀਬਰ) ਪੰਚਮ, ਧੈਵਤ(ਕੋਮਲ) ਨਿਸ਼ਾਦ (ਕੋਮਲ) ਧੈਵਤ(ਕੋਮਲ) ਪੰਚਮ, ਗੰਧਾਰ ਮਧਿਅਮ ਰਿਸ਼ਭ(ਕੋਮਲ) ਸ਼ੜਜ ਮੰਨਿਆ ਹੈ।

ਕੰਵਰ ਮ੍ਰਿਗੇਂਦਰ ਸਿੰਘ ਨੇ ਆਪਣੀ ਪੁਸਤਕ ਵਾਦਨ ਸਾਗਰ ਭਾਗ-ਦੂਜਾ ’ਤੇ ਰਾਗ ਰਾਮਕਲੀ ਦਾ ਇਕ ਹੋਰ ਸਰੂਪ ਅੰਕਿਤ ਕੀਤਾ ਹੈ ਜਿਸ ਦੀ ਜਾਤੀ ਔੜਵ ਸੰਪੂਰਨ, ਵਾਦੀ ਸੁਰ ਧੈਵਤ ਜਾਂ ਪੰਚਮ, ਸੰਵਾਦੀ ਸੁਰ ਕੋਮਲ ਰਿਸ਼ਭ ਅਤੇ ਸਮਾਂ ਸਵੇਰ ਦਾ ਪਹਿਲਾ ਪਹਿਰ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਦੇ ਰਾਗ ਪ੍ਰਬੰਧ ਵਿਚ ਰਾਗ ਅਧੀਨ ਰਾਮਕਲੀ ਦੱਖਣੀ ਵੀ ਅੰਕਿਤ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਅਧੀਨ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੀ ਦਰਜ ਹੈ। ਉਹਨਾਂ ਦੁਆਰਾ ਰਚਿਤ ਦਖਣੀ ਓਅੰਕਾਰ ਇਕ ਪ੍ਰਸਿੱਧ ਬਾਣੀ ਰਚਨਾ ਹੈ। ਰਾਮਕਲੀ ਦੱਖਣੀ ਦੇ ਨਾਮ ਤੋਂ ਹੀ ਸਪਸ਼ਟ ਹੋ ਜਾਂਦਾ ਹੈ ਕਿ ਇਸ ਦਾ ਸਰੂਪ ਦੱਖਣੀ ਭਾਰਤੀ ਸੰਗੀਤ ਵਿਚੋਂ ਲਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਮਕਲੀ ਦੱਖਣੀ ਰਾਗ ਨੂੰ ਰਾਮਕਲੀ ਦਖਣੀ ਮਹਲਾ ੧ ਦੇ ਸਿਰਲੇਖ ਅਧੀਨ ਅੰਕਿਤ ਕੀਤਾ ਗਿਆ ਹੈ।

ਸਮਕਾਲੀ ਭਾਰਤੀ ਰਾਗ ਪਰੰਪਰਾ ਵਿਚ ਰਾਗ ਰਾਮਕਲੀ ਦੱਖਣੀ ਦਾ ਉਲੇਖ ‘ਰਾਗ ਵਿਆਕਰਣ’ ਪੁਸਤਕ ਵਿਚ ਮਿਲਦਾ ਹੈ। ਪ੍ਰੋ. ਤਾਰਾ ਸਿੰਘ ਵਲੋਂ ਦਿੱਤੇ ਹਵਾਲੇ ਅਨੁਸਾਰ ਭਾਰਤੀ ਸੰਗੀਤ ਵਿਚ ਸ਼ਾਸਤਰੀ ਗ੍ਰੰਥਕਾਰਾਂ ਵਿਚੋਂ ਪੰਡਿਤ ਅੱਪਾ ਸ਼ਾਸਤਰੀ ਨੇ ‘ਚੰਦ੍ਰਕਾਯਮ’ ਵਿਚ ਇਸ ਰਾਗ ਦੇ ਸਬੰਧ ਵਿਚ ਇਸ ਤਰ੍ਹਾਂ ਹਵਾਲਾ ਦਿੱਤਾ ਹੈ।

ਗੁਰਮਤਿ ਸੰਗੀਤ ਪਰੰਪਰਾ ਵਿਚ ਇਸ ਰਾਗ ਦੀ ਉਤਪਤੀ ਦੱਖਣੀ ਪੱਧਤੀ ਦੇ ਰਾਗ ਰਾਮਕ੍ਰਿਯ ਤੋਂ ਮੰਨੀ ਗਈ ਹੈ। ਰਾਮਕਲੀ ਦੱਖਣੀ ਦੇ ਸਰੂਪ ਸਬੰਧੀ ਵਿਦਵਾਨਾਂ ਦੇ ਵੱਖ-ਵੱਖ ਮੱਤ ਹਨ। ਦੱਖਣੀ ਭਾਰਤੀ ਸੰਗੀਤਕਾਰਾਂ ਅਨੁਸਾਰ ਇਸ ਰਾਗ ਨੂੰ ਮਾਯਾ ਮਾਲਵਗੋੜ ਥਾਟ ਦੇ ਅਧੀਨ ਰੱਖਿਆ ਗਿਆ ਹੈ। ਇਸ ਦੇ ਆਰੋਹ ਵਿਚ ਮਧਿਅਮ ਤੇ ਨਿਸ਼ਾਦ ਵਰਜਿਤ ਕਰਕੇ ਇਸ ਦੀ ਜਾਤੀ ਔੜਵ-ਸੰਪੂਰਨ ਮੰਨੀ ਗਈ ਹੈ। ਇਸ ਦਾ ਵਾਦੀ ਸੁਰ ਧੈਵਤ ਅਤੇ ਸੰਵਾਦੀ ਸੁਰ ਰਿਸ਼ਭ ਹੈ। ਇਸ ਦਾ ਗਾਇਨ ਸਮਾਂ ਸਵੇਰ ਦਾ ਹੈ। ਇਸ ਵਿਚ ਰਿਸ਼ਭ, ਧੈਵਤ, ਕੋਮਲ ਅਤੇ ਬਾਕੀ ਸੁਰ ਸ਼ੁੱਧ ਲਗਦੇ ਹਨ। ਇਸ ਦਾ ਆਰੋਹ ਸ਼ੜਜ, ਰਿਸ਼ਭ(ਕੋਮਲ), ਗੰਧਾਰ ਪੰਚਮ ਧੈਵਤ(ਕੋਮਲ), ਸ਼ੜਜ (ਤਾਰ ਸਪਤਕ), ਅਵਰੋਹ ਸ਼ੜਜ (ਤਾਰ ਸਪਤਕ) ਨਿਸ਼ਾਦ ਧੈਵਤ(ਕੋਮਲ), ਪੰਚਮ, ਮਧਿਅਮ ਗੰਧਾਰ ਰਿਸ਼ਭ ਰਿਸ਼ਭ(ਕੋਮਲ) ਸ਼ੜਜ ਹੈ।

ਗੁਰਮਤਿ ਸੰਗੀਤ ਪੱਧਤੀ ਵਿਚ ਇਸ ਦਾ ਨਿਮਨਲਿਖਤ ਸਰੂਪ ਸਰਵਪ੍ਰਵਾਨਿਤ ਮੰਨਿਆ ਗਿਆ ਹੈ । ਇਸ ਰਾਗ ਦਾ ਥਾਟ ਮਾਇਆ ਮਾਲਵਗੌੜ ਮੰਨਿਆ ਗਿਆ ਹੈ, ਜੋ ਕਿ ਉਤਰੀ ਸੰਗੀਤ ਪੱਧਤੀ ਦੇ ਭੈਰਵ ਥਾਟ ਨਾਲ ਸਮਾਨਤਾ ਰੱਖਦਾ ਹੈ। ਇਸ ਰਾਗ ਵਿਚ ਪੰਚਮ ਵਾਦੀ ਤੇ ਰਿਸ਼ਭ ਸੰਵਾਦੀ ਮੰਨਣ ਦੀ ਪ੍ਰਥਾ ਹੈ। ਇਸ ਦੇ ਆਰੋਹ ਵਿਚ ਮਧਿਅਮ ਵਰਜਿਤ ਹੋਣ ਕਰਕੇ ਇਸ ਦੀ ਜਾਤੀ ਸ਼ਾੜਵ-ਸੰਪੂਰਨ ਮੰਨੀ ਗਈ ਹੈ। ਇਸ ਰਾਗ ਦਾ ਗਾਇਨ ਸਮਾਂ ਰਾਤ ਦਾ ਪਹਿਲਾ ਪਹਿਰ ਹੈ।


ਵੀਹਵੀਂ ਸਦੀ ਦੀਆਂ ਸਬਦ ਕੀਰਤਨ ਰਚਨਾਵਾਂ ਦੇ ਸੰਦਰਭ ਵਿਚ ਵਾਚੀਏ ਤਾਂ ਇਸ ਰਾਗ ਵਿਚ ਸ. ਗਿਆਨ ਸਿੰਘ ਐਬਟਾਬਾਦ, ਭਾਈ ਅਵਤਾਰ ਸਿੰਘ ਗੁਰਚਰਨ ਸਿੰਘ, ਪ੍ਰੋ. ਤਾਰਾ ਸਿੰਘ, ਸੰਤ ਸਰਵਣ ਸਿੰਘ ਗੰਧਰਵ, ਪ੍ਰਿੰਸੀਪਲ ਦਿਆਲ ਸਿੰਘ, ਡਾ. ਜਗੀਰ ਸਿੰਘ, ਪ੍ਰੋ. ਕਰਤਾਰ ਸਿੰਘ, ਡਾ. ਗੁਰਨਾਮ ਸਿੰਘ (ਲੇਖਕ), ਜਸਵੰਤ ਸਿੰਘ ਤੀਬਰ, ਪ੍ਰੋ. ਪਰਮਜੋਤ ਸਿੰਘ, ਸ. ਹਰਮਿੰਦਰ ਸਿੰਘ ਆਦਿ ਨੇ ਸੰਗੀਤਕਾਰਾਂ ਨੇ ਕੀਰਤਨ ਰਚਨਾਵਾਂ ਨੂੰ ਸੁਰਲਿਪੀ-ਬੱਧ ਕੀਤਾ।

ਰਾਮਕਲੀ ਰਾਗ ਨੂੰ ਗੁਰਮਤਿ ਸੰਗੀਤ ਪਰੰਪਰਾ ਦੇ ਸੰਗੀਤਕਾਰ ਤੇ ਕੀਰਤਨਕਾਰਾਂ ਨੇ ਆਪਣੇ-ਆਪਣੇ ਅੰਦਾਜ ਵਿੱਚ ਬਾਖੂਬੀ ਗਾਇਆ ਹੈ, ਜਿਹਨਾਂ ਦੀ ਰਿਕਾਰਡਿੰਗ ਅਸੀਂ **www.gurmatsangeetpup.com, www.sikh-relics.com, www.vismaadnaad.org** ਅਤੇ **www.jawadditaksal.org** ਵੈਬ ਸਾਈਟਸ 'ਤੇ ਸੁਣ ਸਕਦੇ ਹਾਂ।

ਭਾਰਤੀ ਰਾਗ ਧਿਆਨ ਪਰੰਪਰਾ ਵਿਚ ਰਾਗ ਰਾਮਕਲੀ ਦੇ ਪੁਰਾਤਨ ਚਿਤਰ ਉਪਲਬਧ ਹਨ। ਪ੍ਰਸਿੱਧ ਸਿੱਖ ਚਿੱਤਰਕਾਰ ਦੇਵਿੰਦਰ ਸਿੰਘ ਹੁਰਾਂ ਨੇ ਬਾਣੀ 'ਤੇ ਆਧਾਰਿਤ ਰਾਮਕਲੀ ਰਾਗ ਵਿਚ ਰਚਿਤ ਬਾਣੀ ਦੇ ਅਧਿਐਨ ਤੋਂ ਬਾਅਦ ਬਾਣੀ ‘ਤੇ ਆਧਾਰਿਤ ਰਾਗ ਦਾ ਚਿੱਤਰ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਸਿਮ੍ਰਤੀ ਗ੍ਰੰਥ, 1992 ਲਈ ਤਿਆਰ ਕਰਵਾਇਆ ਸੀ, ਜਿਸ ਤੋਂ ਰਾਮਕਲੀ ਰਾਗ ਦੀ ਬਾਣੀ ਦੇ ਪ੍ਰਸੰਗ ਵਿਚ ਕਲਾਤਮਕ ਪਛਾਣ

ਉਜਾਗਰ ਹੁੰਦੀ ਹੈ। ਇਸ ਤਰ੍ਹਾਂ ਪੰਜਾਬੀ ਯੂਨੀਵਰਸਿਟੀ ਵਿਖੇ ਮਿਨੇਚਰ ਪੇਂਟਿੰਗ ਦੀ ਸ਼ੈਲੀ ਵਿਚ ਪ੍ਰੋਫੈਸਰ ਐਸ. ਸੁਮਹਿੰਦਰਾ (ਰਾਜਸਥਾਨ) ਦੀ ਅਗਵਾਈ ਵਿਚ ਦਸ ਕਲਾਕਾਰਾਂ ਦੀ ਟੀਮ ਨੂੰ ਪੰਜਾਬੀ ਯੂਨੀਵਰਸਿਟੀ ਵਿਖੇ ਬੁਲਾ ਕੇ ਸ਼੍ਰੀ ਗੁਰੁ ਗ੍ਰੰਥ ਸਾਹਿਬ ਦੇ ਰਾਗਾਂ 'ਤੇ ਕੁਝ ਪੇਂਟਿੰਗਜ਼ ਬਣਾਈਆਂ। ਕੈਨੇਡਾ ਵਸ ਗਏ ਸਾਡੇ ਹਰਦਿਲ ਆਜ਼ੀਜ਼ ਚਿਤਰਕਾਰ ਜਰਨੈਲ ਸਿੰਘ ਦੀ ਸ਼੍ਰੀ ਗੁਰੁ ਗ੍ਰੰਥ ਸਾਹਿਬ ਦੇ ਰਾਗਾਂ ਦੀਆਂ ਪੇਂਟਿੰਗਜ਼ ਵਿਚ ਵਿਸ਼ੇਸ਼ ਰੁਚੀ ਰਹੀ। ਕੈਨੇਡਾ ਦੇ ਵਿਸ਼ਵ ਵਿਖਿਆਤ ਚਿਤਰਕਾਰ ਸ. ਹਰਦੇਵ ਸਿੰਘ ਨੇ ਵੀ ਆਪਣੇ ਅੰਦਾਜ਼ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਨੂੰ ਕਲਾਤਮਕ ਛੋਹ ਪ੍ਰਦਾਨ ਕਰ ਆਪਣੀ ਅਕੀਦਤ ਭੇਂਟ ਕੀਤੀ ਹੈ।

*ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ – ਗੁਰਮਤਿ ਸੰਗੀਤ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ




**(Bhai Mardana and Rabab)**

# ਗੁਰੂ ਨਾਨਕ ਬਿੰਬ

**ਡਾ. ਹਰਿਭਜਨ ਸਿੰਘ**

ਗੁਰੂ ਨਾਨਕ ਇਤਿਹਾਸਿਕ ਵਿਅਕਤੀ ਸੀ ਅਤੇ ਪੁਰਾਣ-ਪੁਰਸ਼ ਵੀ। ਪੁਰਾਣ-ਪੁਰਸ਼ ਦੀ ਜੜ੍ਹ ਇਤਿਹਾਸਕ ਸਮੇਂ ਅਤੇ ਸਥਾਨ ਵਿਚ ਹੁੰਦੀ ਹੈ, ਪਰ ਉਸ ਦੀ ਪ੍ਰਿਤਪਾਲਣਾ ਜਨ-ਮਾਨਸ ਵਿਚ ਹੁੰਦੀ ਹੈ, ਜਿਥੇ ਉਹ ਮਨੁਖੀ ਰੀਝਾਂ, ਅਕਾਂਖਿਆਵਾਂ ਤੇ ਸੁਪਨਿਆਂ ਨਾਲ ਰਚ-ਮਿਚ ਜਾਂਦਾ ਹੈ ਅਤੇ ਸਮੇਂ ਤੇ ਸਥਾਨ ਨਾਲ ਸੰਬੰਧਿਤ ਹੁੰਦਾ ਹੋਇਆ ਵੀ ਇਸ ਤੋਂ ਮੁਕਤ ਹੋ ਜਾਂਦਾ ਹੈ। ਇਸੇ ਜਨ-ਮਾਨਸ ਦੀ ਸੰਪਦਾ ਹੈ ਨਾਨਕ-ਬਿੰਬ। ਇਸ ਦਾ ਕੱਦ ਮਨੁੱਖੀ ਅਕਾਂਖਿਆਵਾਂ ਵਰਗਾ ਉੱਚਾ, ਇਸ ਦੀ ਉਮਰ ਪਰੰਪਰਾ ਜਿੱਡੀ ਲੰਮੀ ਅਤੇ ਇਸ ਦਾ ਰੰਗ ਮਨੁੱਖੀ ਰੀਝਾਂ ਵਾਂਗ ਗੂੜ੍ਹਾ ਹੈ। ਪੁਰਾਣ-ਬਿੰਬ ਦੀ ਰਚਨਾ ਸਮਾਜਕ ਕਲਪਨਾ ਰਾਹੀਂ ਹੁੰਦੀ ਹੈ, ਇਸੇ ਲਈ ਇਸ ਬਿੰਬ ਵਿਚ ਸਮੁੱਚੀ ਜਾਤੀ ਦਾ ਨਸਲੀ ਅਵਚੇਤਨ ਸਾਹ ਲੈਂਦਾ ਪ੍ਰਤੀਤ ਹੁੰਦਾ ਹੈ। ਜ਼ਾਤ ਜਾਤੀ ਬਣ ਜਾਂਦੀ ਹੈ। ਮਨੁੱਖੀ ਸੁਪਨੇ ਵਾਂਗ ਹੀ ਨਿਤ ਨਵੀਆਂ ਕਹਾਣੀਆਂ ਇਸ ਵਿਅਕਤਿਤਵ ਨਾਲ ਸੰਬੰਧਿਤ ਹੁੰਦੀਆਂ ਰਹਿਣਗੀਆਂ ਤੇ ਉਹਨਾਂ ਦੀ ਨਿਤ ਨਵੀਂ ਵਿਆਖਿਆ ਹੁੰਦੀ ਰਹੇਗੀ। ਕੀ ਗੁਰੂ ਨਾਨਕ ਨੇ ਸਚਮੁਚ ਹੀ ਰਿੜ੍ਹਦੇ ਪਹਾੜ ਨੂੰ ਆਪਣੇ ਪੰਜੇ ਨਾਲ ਰੋਕ ਲਿਆ ਸੀ? ਕੀ ਉਹ ਸੱਚਮੁਚ ਹਵਾ ਵਿਚ ਉੱਡ ਗਿਆ ਸੀ ਜਾਂ ਉਸ ਨੇ 'ਧੁਰ ਪਾਤਾਲੋਂ ਲਈ ਕੜਾਹੀ"? ਇਸ ਪ੍ਰਕਾਰ ਦੇ ਪ੍ਰਸ਼ਨ ਸਦਾ ਪੁੱਛੇ ਜਾਣਗੇ ਤੇ ਇਨ੍ਹਾਂ ਦਾ ਭਾਵੇਂ ਕੁਝ ਵੀ ਜਵਾਬ ਦਿੱਤਾ ਜਾਵੇ, ਗੁਰੂ ਨਾਨਕ ਦੇ ਜੀਵਨ ਨਾਲ ਸੰਬੰਧਿਤ ਚਮਤਕਾਰ ਉਵੇਂ ਹੀ ਕਾਇਮ ਰਹਿਣਗੇ ਜਿਵੇਂ ਜਾਗਣਹਾਰ ਮਨੁੱਖ ਦੀ ਮਿੱਟੀ ਵਿਚ ਸੁਪਨੇ ਅਤੇ ਦਿਹੁੰ-ਸੁਪਨੇ। ਮਨੁਖ ਆਪਣੇ ਆਲੇ-ਦੁਆਲੇ ਦੇ ਕਠੋਰ ਯਥਾਰਥ ਨਾਲ ਸੁਪਨਿਆਂ ਅਤੇ ਦਿਹੁੰ-ਸੁਪਨਿਆਂ ਦੇ ਸਹਾਰੇ ਨਿਰਬਾਹ ਕਰੀ ਜਾਂਦਾ ਹੈ; ਮਨੁਖ ਜਾਤੀ ਵੀ ਆਪਣੇ ਪੁਰਾਣ-ਪੁਰਖਿਆਂ ਦੇ ਸਹਾਰੇ ਆਪਣੀ ਅਜਰ ਹੋਂਦ ਨੂੰ ਜਿਵੇਂ ਕਿਵੇਂ ਸਹਿੰਦੀ ਜਰਦੀ ਤੁਰੀ ਜਾਂਦੀ ਹੈ।

ਨਾਨਕ-ਬਿੰਬ ਦੀ ਰਚਨਾ ਨਾਨਕ-ਕਾਲ ਵਿਚ ਵੀ ਅਰੰਭ ਹੋ ਗਈ ਸੀ। ਆਪਣੇ ਜੀਵਨ ਵਿਚ ਹੀ ਪੰਜਾਬ ਦੇ ਜਨ-ਮਾਨਸ ਨੇ ਇਸ ਇਤਿਹਾਸ-ਪੁਰਖ ਨੂੰ ਪੁਰਾਣ-ਪੁਰਖ ਵਾਂਗ ਸਵੀਕਾਰ ਲਿਆ ਸੀ ਤੇ ਬਾਅਦ ਵਿਚ ਇਹ ਬਿੰਬ ਸਦਾ-ਵਿਕਾਸ ਹੋਂਦ ਵਾਂਗ ਕਾਇਮ ਰਿਹਾ। ਗੁਰੂ ਨਾਨਕ ਦੇ ਜੀਵਨ ਨਾਲ ਸੰਬੰਧਿਤ ਅਨੇਕਾਂ ਸਾਖੀਆਂ ਰਚੀਆਂ ਗਈਆਂ। ਸਾਖੀਆਂ ਵਿਚ ਅੰਤਰ-ਵਿਰੋਧ ਦੀ ਪ੍ਰਵਿਰਤੀ ਵੀ ਜਾਗ ਸਕਦੀ ਹੈ। ਪੁਰਾਣ-ਬਿੰਬ ਦੀ ਰਚਨਾ ਤਾਂ ਹੀ ਸੰਭਵ ਹੈ ਜੇ ਇਨ੍ਹਾਂ ਸਾਖੀਆਂ ਦਾ ਮੂਲ ਅਧਾਰ ਸਾਂਝਾ ਹੋਵੇ। ਕਿਸੇ ਪੁਰਾਣ-ਪੁਰਸ਼ ਨਾਲ ਸੰਬੰਧਿਤ ਕਹਾਣੀਆਂ ਕਿਸੇ ਸਾਂਝੀ ਰੂਪ-ਵਿਧੀ ਦੇ ਸੰਜਮ ਥਾਣੀਂ ਲੰਘਦੀਆਂ ਹਨ। ਰੂਪ-ਵਿਧੀ (**Pattern**) ਤੋਂ ਸਾਡਾ ਆਸ਼ਾ ਅਜੇਹੀ ਅਚੇਤ ਜੀਵਨ-ਜੁਗਤ ਤੋਂ ਹੈ ਜੋ ਕਿਸੇ ਜਾਤੀ ਦੇ ਨਿੱਕੇ-ਮੋਟੇ ਕਾਰ-ਵਿਹਾਰਾਂ ਵਿਚ ਸਹਿਜੇ, ਤੇ ਬਹੁਤ ਕਰਕੇ ਅਣਜਾਣਿਆਂ ਹੀ ਦੁਹਰਾਈ ਜਾਂਦੀ ਹੈ। ਕਾਰ-ਵਿਹਾਰਾਂ ਦੀ ਅਨੇਕਤਾ ਰੂਪ-ਵਿਧੀ ਦੀ ਏਕਤਾ ਸਦਕਾ ਹੀ ਪਛਾਨਣਯੋਗ ਵੱਖਰ ਜਾਂ ਵਿਲੱਖਣ ਸ਼ੈਲੀ ਦੀ ਧਾਰਨੀ ਬਣਦੀ ਹੈ। ਇਸ ਲੇਖ ਦਾ ਉਦੇਸ਼ ਨਾਨਕ-ਬਿੰਬ ਨਾਲ ਸੰਬੰਧਿਤ ਰੂਪ-ਵਿਧੀ ਦਾ ਅਧਿਐਨ ਹੀ ਹੈ।

ਗੁਰੂ ਨਾਨਕ ਦੇ ਸਮਕਾਲੀ ਅਤੇ ਨਿਕਟ ਪਰਕਾਲੀ ਗੁਰੂ ਅੰਗਦ ਨੇ ਇਸ ਰੂਪ-ਵਿਧੀ ਦੀ ਨੀਂਹ ਆਪਣੇ ਨਿਮਨ-ਅੰਕਿਤ ਸਲੋਕ ਨਾਲ ਹੀ ਰਖ ਦਿਤੀ ਸੀ:

ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ ॥
ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ ॥੧॥ (ਆਦਿ ਗ੍ਰੰਥ, ੧੫੦)

ਅਜ ਵੀ ਅਜਿਹੇ ਵਿਦਵਾਨ ਮੌਜੂਦ ਹਨ ਜੋ ਇਸ ਸਲੋਕ ਦੀ ਦੂਸਰੀ ਪੰਕਤੀ ਦਾ ਸੰਬੰਧ ਨਾਨਕ ਵਿਅਕਤੀ ਨਾਲ ਜੋੜਨ ਤੋਂ ਸੰਕੋਚ ਕਰਦੇ ਹਨ। ਟੀਕਾਕਾਰ ਸਾਹਿਬ ਸਿੰਘ 'ਜਿਨ ਗੁਰੁ ਨਾਨਕ ਦੇਉ' ਦਾ ਅਰਥ ਕਰਨ ਲਗੇ 'ਗੁਰੂ ਨਾਨਕ ਦੇਉ' ਨੂੰ 'ਨਾਨਕ ਗੁਰੂ ਦੇਉ' ਦੇ ਰੂਪ ਵਿਚ ਬਦਲ ਲੈਂਦੇ ਹ। ('ਅਰਥ – ਹੇ ਨਾਨਕ! ਜਿਨ੍ਹਾਂ ਦਾ ਗੁਰਦੇਵ ਹੈ।' –ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ੬੭੩) ਪਰ, ਜਿਵੇਂ ਕਿ ਮੈਂ ਕਹਿ ਚੁਕਾ ਹਾਂ ਪੁਰਾਣ-ਬਿੰਬ ਦੀ ਕੋਈ ਵੀ ਵਿਆਖਿਆ ਕਰ ਲਵੋ, ਜਨ-

ਮਾਨਸ ਵਿਚ ਸਥਿਰ ਸੱਚ ਨੂੰ ਜੜ੍ਹੋਂ ਉਖਾੜਿਆ ਨਹੀਂ ਜਾ ਸਕਦਾ। ਪੁਰਾਣ-ਬਿੰਬ ਦੀ ਸ਼ਕਤੀ ਇਸ ਗੱਲ ਵਿਚ ਹੈ ਕਿ ਉਹ ਜਾਤੀ ਅਵਚੇਤਨ ਦਾ ਅੰਗ ਬਣ ਜਾਂਦਾ ਹੈ ਤੇ ਲੋਕ-ਮਾਨਸ ਵਿਚ ਡੂੰਘੀਆਂ ਜੜ੍ਹਾਂ ਬਣਾ ਲੈਂਦਾ ਹੈ। ਦਿਮਾਗ਼ੀ ਵਿਆਖਿਆ ਉਸ ਨੂੰ ਵਿਸਥਾਪਿਤ ਨਹੀਂ ਕਰ ਸਕਦੀ। ਟੀਕਾਕਾਰ ਤੇਜਾ ਸਿੰਘ ਅਤੇ ਵੀਰ ਸਿੰਘ ਇਨ੍ਹਾਂ ਪੰਕਤੀਆਂ ਨੂੰ ਸਪਸ਼ਟ ਤੌਰ 'ਤੇ ਗੁਰੂ ਨਾਨਕ ਨਾਲ ਹੀ ਸੰਬੰਧਿਤ ਮੰਨਦੇ ਹਨ:

"ਜਿਨ੍ਹਾਂ ਦਾ ਗੁਰੂ ਨਾਨਕ ਦੇਵ ਹੈ, ਅਤੇ ਜਿਨ੍ਹਾਂ ਨੂੰ ਗੁਰੂ ਨੇ  ਸਿਖਿਆ ਦੇ ਕੇ ਸਮਝਾਇਆ ਹੈ ਕਿ ਸਚ ਦੁਆਰਾ ਸਿਫ਼ਤ ਵਿਚ ਜੁੜ ਜਾਓ, ਉਹਨਾਂ ਨੂੰ ਹੋਰ ਕੀ ਦੱਸਣ ਦੀ ਲੋੜ ਹੈ। (ਸ਼ਬਦਾਰਥ ੧੫੦)

"(ਜਿਨ੍ਹਾਂ ਪ੍ਰਤੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ) ਆਪਣੀ ਦੀਖਯਾ ਉਚਾਰਣ ਕੀਤੀ, (ਇਸ ਦਾ ਭਾਵ ਤੇ ਫਲ) ਸਮਝਾ ਦਿੱਤਾ (ਅਤੇ ਸਾਈਂ ਦੀ ਸਿਫ਼ਤ ਸਲਾਹ ਦੁਆਰਾ ਸਚ ਵਿਚ ਸਮਾਈ ਕਰ ਦਿਤੀ, ਉਨ੍ਹਾਂ (ਐਸੇ ਦੀਖਯਤ ਪੁਰਖਾਂ) ਨੂੰ ਕੀਹ ਉਪਦੇਸ਼ ਦੇਣਾ ਹੋਇਆ, ਜਿਨ੍ਹਾਂ ਦਾ ਗੁਰੂ (ਗੁਰੂ) ਨਾਨਕ ਦੇਵ ਹੈ। (ਸੰਥਯਾ ੧੦੨੭)"

ਜਿਵੇਂ ਕਿ ਮੈਂ ਉਪਰ ਕਹਿ  ਚੁਕਾ ਹਾਂ, ਇਸ ਸਲੋਕ ਵਿਚ ਨਾਨਕ-ਬਿੰਬ ਦੀ ਮੁਢਲੀ ਰੂਪ-ਵਿਧੀ ਸਪਸ਼ਟ ਵਿਚ ਮੌਜੂਦ ਹੈ। ਨਾਨਕ ਦੇਵ 'ਗੁਰੂ' ਹੈ। ਗੁਰੂ ਨਾਨਕ-ਵਿਅਕਤਿਤਵ ਦਾ ਅਨਿਖੜ ਅੰਗ ਵੀ ਹੈ ਤੇ ਵਿਲੱਖਣ ਵੀ। ਇਸ ਦੇ ਬਾਅਦ ਨਾਨਕ ਦੇਵ ਦਾ ਜ਼ਿਕਰ ਭਾਵੇਂ ਕਿਸੇ ਵੀ ਸਥਿਤੀ ਵਿਚ ਹੋਵੇ, ਉਹ ਲਾਜ਼ਮੀ ਤੌਰ ਉੱਤੇ ਗੁਰੂ ਹੈ। ਨਾਨਕ ਦੇਵ ਭਾਵੇਂ ਅਧਿਆਪਕ ਜਾਂ ਆਪਣੀ ਮਾਤਾ ਨਾਲ ਗੱਲਾਂ ਕਰ ਰਿਹਾ ਹੋਵੇ, ਭਾਵੇਂ ਭੈਣ, ਚੋਰ ਜਾਂ ਨਵਾਬ ਨਾਲ ਉਹ ਗੁਰੂ ਰੂਪ ਵਿਚ ਹੀ ਚਿਤ੍ਰਿਆ ਜਾ ਸਕੇਗਾ ਤੇ ਏਸ ਚਿਤ੍ਰਨ ਵਿਚ ਕੋਈ ਉਚੇਚ ਨਹੀਂ ਹੋਵੇਗਾ। ਰੂਪ-ਵਿਧੀ ਦੀ ਸ਼ਕਤੀ ਏਸੇ ਗੱਲ ਵਿਚ ਹੈ ਕਿ ਉਹ ਸਾਡੇ ਅਵਚੇਤਨ ਦਾ ਅੰਗ ਬਣ ਜਾਂਦੀ ਹੈ।

ਗੁਰੂ ਸ਼ਬਦ ਦੀ ਆਪਣੀ ਦੀਰਘ ਪਰੰਪਰਾ ਹੈ, ਇਸ ਪਰੰਪਰਾ ਦਾ ਸਰਵੇਖਣ ਹਥਲੇ ਲੇਖ ਵਿਚ ਨਾ ਸੰਭਵ ਹੈ, ਨਾ ਉਚਿਤ। ਏਥੇ ਕੇਵਲ ਇਤਨਾ ਕਹਿਣਾ ਹੀ ਯੋਗ ਹੈ ਕਿ ਗੁਰੂ ਨਾਨਕ ਨਾਲ ਇਸ ਦੀ ਵਰਤੋਂ ਵਿਲੱਖਣ ਰੂਪ ਵਿਚ ਹੋਈ ਹੈ। ਕਬੀਰ, ਰਵੀਦਾਸ, ਦਾਦੂ ਆਦਿ ਸੰਤ ਵੀ ਗੁਰੂ ਸਨ ਤੇ ਉਹਨਾਂ ਦੀ ਖ਼ਾਸੀ ਬਲਵਾਨ ਸ਼ਿਸ਼-ਪਰੰਪਰਾ ਵੀ ਸੀ। ਪਰ ਇਹ ਸੰਤ ਗੁਰੂ ਰੂਪ ਵਿਚ ਪ੍ਰਸਿੱਧ ਨਹੀਂ। ਕਾਰਣ, ਇਨ੍ਹਾਂ ਸੰਤਾਂ ਜਾਂ ਇਨ੍ਹਾਂ ਦੇ ਸ਼ਿਸ਼ਾਂ ਨੇ ਇਸ ਸ਼ਬਦ ਨੂੰ ਸਾਧਾਰਣ ਪਰੰਪਰਾ-ਸਿਧ ਅਰਥਾਂ ਵਿਚ ਵਰਤਿਆ ਹੈ ਅਤੇ ਇਸ ਨੂੰ ਅਜਿਹਾ ਅਰਥ ਨਹੀਂ ਦਿਤਾ ਜੋ ਗੁਰੂ ਜਾਂ ਸਿੱਖ ਦੇ ਚਰਿਤਰ ਨੂੰ ਦੂਸਰਿਆਂ ਤੋਂ ਵਖਰਿਆ ਦੇਵੇ। ਨਾਨਕ ਨਾਲ ਅਨਿੱਖੜ ਰੂਪ ਵਿਚ ਜੁੜ ਕੇ ਇਹ ਸ਼ਬਦ ਨਾਨਕ ਨੂੰ ਵੀ ਵਖਰਿਆਉਂਦਾ ਹੈ ਅਤੇ ਆਪ ਵੀ ਇਕ ਵਿਲੱਖਣ ਸਾਰਥਕਤਾ ਦਾ ਸੁਆਮੀ ਬਣਦਾ ਹੈ। ਗੁਰੂ ਨਾਨਕ ਮਨੁਖਤਾ ਨਾਲ ਰਿਸ਼ਤੇ ਦਾ ਲਖਾਇਕ ਹੈ। ਇਸ ਤੋਂ ਪਹਿਲਾਂ ਕੇਵਲ ਗੋਰਖ ਨਾਥ ਹੀ ਅਜਿਹਾ ਕਰਨੀ ਵਾਲਾ ਬੰਦਾ ਹੈ ਜੋ ਗੁਰੂ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਪਰ ਗੋਰਖ ਨਾਲ ਜੁੜ ਕੇ ਇਹ ਸ਼ਬਦ ਮਨੁਖੀ ਰਿਸ਼ਤੇ ਦਾ ਲਖਾਇਕ ਨਹੀਂ ਬਣਿਆ ਹੈ। ਏਥੇ ਗੁਰੂ ਸ਼ੁਧ ਸਤਿਕਾਰ ਜਾਂ ਸ਼ੁਧ ਉਚਤਾ ਨੂੰ ਪ੍ਰਗਟਾਉਂਦਾ ਹੈ। ਪਰ ਗੁਰੂ ਨਾਨਕ ਦੇ ਜ਼ਿਕਰ ਸਮੇਂ ਸਿੱਖ ਪ੍ਰਤੱਖ ਜਾਂ ਪਰੋਖ ਰੂਪ ਵਿਚ ਮੌਜੂਦ ਰਹਿੰਦਾ ਹੈ। ਇਸ ਸਲੋਕ ਵਿਚ ਉਨ੍ਹਾਂ ਸਿੱਖਾਂ ਦਾ ਪ੍ਰਤੱਖ ਉਲੇਖ ਹੈ ਜਿਨ੍ਹਾਂ ਨੇ ਗੁਰੂ ਨਾਨਕ ਦੇਵ ਪਾਸੋਂ ਦੀਖਿਆ ਲਈ ਹੈ। ਗੁਰੂ ਅੰਗਦ ਦੇ ਬਾਅਦ ਗੁਰੂ ਅਰਜਨ ਦੇਵ ਨੇ ਵੀ ਜਿਥੇ ਗੁਰੂ ਨਾਨਕ ਦੇਵ ਦਾ ਜ਼ਿਕਰ ਕੀਤਾ ਹੈ, ਉਥੇ ਕਿਸੇ ਸਿੱਖ ਦੀ ਮੌਜੂਦਗੀ ਵਲ ਸੰਕੇਤ ਹੋ ਹੀ ਗਿਆ ਹੈ:

(੧) ਗੁਰੁ ਨਾਨਕੁ ਜਿਨ ਸੁਣਿਆ ਪੇਖਿਆ<br>
ਸੇ ਫਿਰਿ ਗਰਭਾਸਿ ਨ ਪਰਿਆ ਰੇ ॥<br>
(੨) ਸਭ ਤੇ ਵਡਾ ਸਤਿਗੁਰੁ ਨਾਨਕੁ<br>
ਜਿਨਿ ਕਲ ਰਾਖੀ ਮੇਰੀ ॥

ਗੁਰੂ ਅੰਗਦ ਦੇ ਉਚਾਰੇ ਸਲੋਕ ਦੀ ਅਰਥ-ਭੂਮੀ ਗੁਰੂ ਨਾਨਕ ਦੇ ਉਪਦੇਸ਼ ਨੂੰ 'ਅੰਤਿਮ' ਉਪਦੇਸ਼ ਦੇ ਰੂਪ ਵਿਚ ਪੇਸ਼ ਕਰਦੀ ਹੈ। ਜਿਨ੍ਹਾਂ ਗੁਰੂ ਨਾਨਕ ਪਾਸੋਂ ਸੱਚ ਦਾ ਉਪਦੇਸ਼ ਸੁਣ ਲਿਆ, ਉਸ ਨੂੰ ਕਿਸੇ ਹੋਰ ਉਪਦੇਸ਼ ਦੀ ਲੋੜ ਨਹੀਂ। ਮਧਜੁਗੀ ਭਾਰਤ ਵਿਚ ਇਸਲਾਮ ਦਾ ਪ੍ਰਚਾਰ ਆਪਣੇ ਸਿਖਰ ਉਤੇ ਸੀ ਤੇ ਖ਼ਤਮੁਲਨਬੱ ਵਤ ਦਾ ਸੰਕਲਪ ਜਨਸਾਧਾਰਣ ਦੀ ਸੂਝ-

ਸਮਝ ਦਾ ਅੰਗ ਸੀ। ਗੁਰੂ-ਬਾਣੀ ਇਸਲਾਮੀ ਸ਼ਬਦਾਵਲੀ ਨੂੰ ਨਹੀਂ ਅਪਣਾਉਂਦੀ, ਪਰ ਸਮਕਾਲੀਨ ਚਿੰਤਨ-ਪ੍ਰਵਾਹ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਸੀ। ਗੁਰੂ ਦਾ ਸੰਕਲਪ ਅਵਤਾਰ ਨਾਲੋਂ ਵਧੇਰੇ ਪੈਗ਼ੰਬਰ ਦੇ ਨੇੜੇ ਹੈ। ਅਵਤਾਰ ਮਨੁਖਤਾ ਨੂੰ ਔਕੜਾਂ ਵਿਚੋਂ ਕੱਢਣ ਆਉਂਦਾ ਹੈ ਤੇ ਉਸ ਦੀ ਕਰਤੱਵ-ਵਿਧੀ ਕਰਮ ਜਾਂ ਸੰਘਰਸ਼ ਹੈ। ਇਸ ਦੇ ਉਲਟ ਪੈਗ਼ੰਬਰ ਲੁਕਾਈ ਤਕ ਖ਼ੁਦਾ ਦਾ ਪੈਗ਼ਾਮ ਪਹੁੰਚਾਉਂਦਾ ਹੈ। ਅਵਤਾਰ ਲਈ ਬਾਣੀਕਾਰ ਹੋਣਾ ਜ਼ਰੂਰੀ ਨਹੀਂ। ਵੈਸ਼ਨਵ ਅਵਤਾਰਾਂ ਵਿਚ ਕੋਈ ਇਕ ਅਵਤਾਰ ਵੀ ਬਾਣੀਕਾਰ ਨਹੀਂ। ਪੈਗ਼ੰਬਰ ਦੀ ਕਰਤੱਵ-ਵਿਧੀ ਪੈਗ਼ਾਮ ਹੈ। ਗੁਰੂ ਨਾਨਕ ਪੈਗ਼ੰਬਰ ਵਾਂਗ ਸੱਚ ਦੀ ਬਾਣੀ ਜਾਂ ਉਪਦੇਸ਼ ਲੋਕਾਂ ਤਕ ਪਹੁੰਚਾਉਂਦਾ ਹੈ। ਪੈਗ਼ੰਬਰ ਮੁਹੰਮਦ ਵਾਂਗ ਹੀ ਗੁਰੂ ਨਾਨਕ ਦਾ ਬਿੰਬ ਵੀ ਅੰਤਿਮ ਉਪਦੇਸ਼ਕ ਦੇ ਰੂਪ ਵਿਚ ਹੀ ਸਥਾਪਿਤ ਹੈ, ਅੰਤਰ ਕੇਵਲ ਇਤਨਾ ਹੈ ਕਿ ਜਿੱਥੇ ਇਸਲਾਮ ਇਸ ਸੰਕਲਪ ਪ੍ਰਤੀ ਸੁਚੇਤ ਹੈ ਤੇ ਇਸ ਉਪਰ ਉਚੇਚਾ ਧਿਆਨ ਦੇਂਦਾ ਹੈ , ਨਾਨਕ-ਮਾਰਗ ਵਿਚ ਇਹ ਸੰਕਲਪ ਸਹਿਜ ਅਵਚੇਤਨ ਦਾ ਅੰਗ ਬਣ ਗਿਆ ਹੈ ਤੇ ਇਸ ਨੂੰ ਏਥੋਂ ਪੁਟ ਸਕਣਾ ਆਸਾਨ ਨਹੀਂ। ਅਵਤਾਰ ਹਰ ਯੁਗ ਵਿਚ ਸੰਭਵ ਹੈ, ਏਥੇ ਸਮਾਪਨ-ਬਿੰਦੂ ਲਈ ਕੋਈ ਗੁੰਜਾਇਸ਼ ਨਹੀਂ। ਗੁਰੂ ਅੰਤਿਮ ਉਪਦੇਸ਼ਕ ਹੈ ਤੇ ਇਹ ਅੰਤਿਮਤਾ ਦਾ ਲੱਛਣ ਹੀ ਉਸ ਨੂੰ ਪੂਰਬਵਰਤੀ ਭਾਰਤੀ ਗੁਰੂ-ਭਾਵਨਾ ਤੋਂ ਵਿਲੱਖਣ ਕਰਦਾ ਹੈ। ਗੁਰੂ ਅਰਜਨ ਦੇਵ ਦੇ ਤੁਕਾਂਗ 'ਸਭ ਤੇ ਵਡਾ ਸਤਿਗੁਰੁ ਨਾਨਕੁ' ਵਿਚ ਵੀ ਅੰਤਿਮਤਾ ਆਪਣਾ ਸੁਰ ਅਲਾਪਦੀ ਪ੍ਰਤੀਤ ਹੁੰਦੀ ਹੈ ਤੇ ਪੈਰੋ ਪੈਰ ਇਹ ਭਾਵਨਾ ਬਲਵਾਨ ਹੁੰਦੀ ਗਈ ਹੈ। ਸੰਖੇਪ ਵਿਚ ਗੁਰੂ ਕਾਲ ਵਿਚ ਨਾਨਕ-ਬਿੰਬ ਦੇ ਨਿਮਨ-ਅੰਕਿਤ ਲੱਛਣ ਅਚੇਤ ਰੂਪ-ਵਿਧੀ ਦਾ ਅੰਗ ਬਣ ਚੁੱਕੇ ਸਨ:

੧. ਨਾਨਕ ਗੁਰੂ ਹੈ ਤੇ ਉਹ ਲੁਕਾਈ ਨਾਲ ਇਕ ਅਬਦਲ ਰਿਸ਼ਤੇ ਵਿਚ ਬੱਝਾ ਹੋਇਆ ਹੈ।

੨. ਗੁਰੂ ਸਚ ਦਾ ਉਪਦੇਸ਼ਕ ਹੈ। ਉਹ ਧੁਰੋਂ ਮਨੁਖ ਦੀ ਥਾਵੇਂ ਕਰਮ ਕਰਨ ਲਈ ਨਹੀਂ ਆਇਆ, ਮਨੁਖ ਦੀ ਧੁਰ ਸਚ ਨਾਲ ਜਾਣ-ਪਛਾਣ ਕਰਾਉਣ ਆਇਆ ਹੈ।

੩. ਉਸ ਦਾ ਉਪਦੇਸ਼ ਅੰਤਿਮ ਹੈ ਤੇ ਇਸ ਦੇ ਬਾਅਦ ਕਿਸੇ ਹੋਰ ਉਪਦੇਸ਼ ਦੀ ਲੋੜ ਨਹੀਂ।

ਜ਼ਾਹਰ ਹੈ ਕਿ ਨਾਨਕ-ਬਿੰਬ ਪੈਗ਼ੰਬਰ-ਬਿੰਬ ਦੇ ਨੇੜੇ ਹੈ। ਪਰ ਸਾਮੀ ਸੰਕਲਪ ਨੂੰ ਸ੍ਵੀਕਾਰਨ ਵਾਲੀ ਇਸ ਬਾਣੀ ਦੀ ਭਾਸ਼ਾ-ਬਿਰਤੀ ਭਾਰਤੀ ਹੈ। ਕਾਰਣ, ਇਸ ਬਾਣੀ ਅਤੇ ਬਿੰਬ ਦਾ ਸਰੋਤਾ-ਵਰਗ ਭਾਰਤੀ ਹੈ। ਜਦੋਂ ਇਸ ਬਿੰਬ ਦੇ ਲੱਛਣ (੧) ਉਪਰ ਧਿਆਨ ਦਿਤਾ ਜਾਵੇ ਤਾਂ ਸਮਝ ਆ ਜਾਂਦੀ ਹੈ ਕਿ ਇਸ ਬਿੰਬ-ਰਚਨਾ ਦੀ ਸਮੁੱਚੀ ਸਾਮਗ੍ਰੀ ਭਾਰਤੀ ਕਿਉਂ ਹੈ। ਇਸ ਗੁਰ-ਵਰਣਨ ਵਿਚ ਸਿਖ ਪ੍ਰੱਤਖ ਜਾਂ ਪਰੋਖ ਰੂਪ ਵਿਚ ਲਾਜ਼ਮੀ ਤੌਰ ਤੇ ਹਾਜ਼ਰ ਹੈ ਤੇ ਸਿਖ-ਸਮੂਹ ਭਾਰਤੀ ਹੈ, ਸਾਮੀ ਨਹੀਂ।

ਜੇ ਗੁਰੂ ਨਾਨਕ ਅੰਤਿਮ ਗੁਰੂ ਸੀ ਤਾਂ ਗੁਰੂ ਅੰਗਦ ਅਤੇ ਬਾਅਦ ਦੇ ਦੂਸਰੇ ਗੁਰੂਆਂ ਦੀ ਕੀ ਸਥਿਤੀ ਹੈ ? ਪ੍ਰਤੀਤ ਹੁੰਦਾ ਹੈ ਕਿ ਇਹ ਪ੍ਰਸ਼ਨ ਗੁਰੂ ਅੰਗਦ ਦੇ ਸਮੇਂ ਹੀ ਆਪਣੀ ਹੋਂਦ ਜਤਾਉਣ ਲਗ ਪਿਆ ਸੀ ਤੇ ਇਸ ਦੇ ਉਤਰ ਵਜੋਂ ਹੀ ਨਾਨਕ-ਬਿੰਬ ਦਾ ਇਕ ਹੋਰ ਉੱਘਾ ਲੱਛਣ ਉਦੈ ਹੋਇਆ, ਤੇ ਛੇਤੀ ਹੀ ਨਾਨਕ-ਬਿੰਬ ਦਾ ਅਨਿੱਖੜ-ਅੰਗ ਬਣ ਗਿਆ ਹੈ। 'ਨਾਨਕ ਦੇ ਬਾਅਦ ਕੌਣ ?' ਪ੍ਰਸ਼ਨ ਦਾ ਉਤਰ ਹੈ : ਨਾਨਕ ਦੇ ਬਾਅਦ ਨਾਨਕ। ਗੁਰੂ ਅੰਗਦ ਦੇ ਸਮਕਾਲੀਨ ਬਲਵੰਡਿ ਅਤੇ ਸੱਤੇ ਨੇ ਗੁਰੂ ਅੰਗਦ ਦੇ ਨਾਨਕ-ਰੂਪ ਉਪਰ ਇਕ ਤੋਂ ਵਧੀਕ ਵਾਰ ਜ਼ੋਰ ਦਿੱਤਾ ਹੈ:

(੧) ਗੁਰੂ ਅੰਗਦ ਦੀ ਦੋਹੀ ਫਿਰੀ ਸਚ ਕਰਤੈ ਬੰਧਿ ਬਹਾਲੀ।
ਨਾਨਕੁ ਕਾਇਆ ਪਲਟੁ ਕਰਿ ਮਲਿ ਤਖਤੁ ਬੈਠਾ ਸੈਡਾਲੀ।

(੨) ਲਹਣੇ ਧਰਿਓਨੁ ਛਤੁ ਸਿਰਿ ਅਸਮਾਨਿ ਕਿਆੜਾ ਛਿਕਿਓਨੁ।
ਜੋਤਿ ਸਮਾਣੀ ਜੋਤਿ ਮਹਿ ਆਪੁ ਆਪੈ ਸੇਤੀ ਮਿਕਿਓਨੁ ॥

ਅੰਗਦ ਤੋਂ ਬਾਅਦ ਵੀ ਗੁਰੂ-ਪਰੰਪਰਾ ਗੁਰੂ-ਨਾਨਕ ਦਾ ਹੀ ਵਿਸਤਾਰ ਹੈ:

ਨਾਨਕੁ ਤੂ ਲਹਣਾ ਤੂਹੈ
ਗੁਰੁ ਅਮਰੁ ਤਾ ਵੀਚਾਰਿਆ ॥

ਜੇਕਰ ਗੁਰੂ ਨਾਨਕ ਦੀ ਕਲਪਨਾ ਪੈਗ਼ੰਬਰ - ਅਤੇ ਉਹ ਵੀ ਆਖ਼ਰੀ ਪੈਗ਼ੰਬਰ ਦੇ ਰੂਪ ਵਿਚ ਨਾ ਹੁੰਦੀ ਜਾਂ ਨਾ ਪ੍ਰਤੀਤ ਹੁੰਦੀ ਤਾਂ ਸ਼ਾਇਦ ਨਾਨਕ ਦੇ ਬਾਅਦ ਕੌਣ ਦਾ ਪ੍ਰਸ਼ਨ ਹੀ ਪੈਦਾ ਨਾ ਹੁੰਦਾ ਤੇ ਗੁਰੂ-ਪਰੰਪਰਾ ਵਿਚ ਨਾਨਕ-ਏਕਤਾ ਦਾ ਸੰਕਲਪ ਵੀ ਉਦੈ ਨਾ ਹੁੰਦਾ। ਸੱਤਾ-ਬਲਵੰਡ ਹੀ ਨਹੀਂ, ਬਾਅਦ ਦੇ ਸਿੱਖ ਚਿੰਤਕਾਂ ਨੇ ਵੀ ਇਸੇ ਏਕਤਾ ਨੂੰ ਦ੍ਰਿੜਾਇਆ ਹੈ, ਭਾਈ ਗੁਰਦਾਸ ਸੱਤੇ-ਬਲਵੰਡ ਦੇ ਪੈਰ-ਚਿੰਨ੍ਹਾਂ ਉਪਰ ਚਲਦੇ ਹੋਏ ਕਹਿੰਦੇ ਹਨ:

ਥਾਪਿਆ ਲਹਿਣਾ ਜੀਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ॥
ਜੋਤੀ ਜੋਤਿ ਮਿਲਾਇ ਕੈ ਸਤਿਗੁਰ ਨਾਨਕ ਰੂਪ ਵਟਾਇਆ॥
ਲਖਿ ਨ ਕੋਈ ਸਕਈ ਆਚਰਜੇ ਆਚਰਜ ਦਿਖਾਇਆ॥
ਕਾਇਆ ਪਲਟਿ ਸਰੂਪ ਬਣਾਇਆ॥੪੫॥

ਸਤੇ-ਬਲਵੰਡ ਵਾਂਗ ਭਾਈ ਗੁਰਦਾਸ ਵੀ ਸਮੁੱਚੀ ਗੁਰੂ-ਪਰੰਪਰਾ ਨੂੰ ਗੁਰੂ ਨਾਨਕ ਦਾ ਹੀ ਵਿਸਥਾਰ ਮੰਨਦਾ ਹੈ:

ਸਤਿਗੁਰ ਨਾਨਕ ਦੇਉ ਗੁਰਾ ਗੁਰੁ ਹੋਇਆ॥
ਅੰਗਦੁ ਅਲਖ ਅਭੇਉ ਸਹਜਿ ਸਮੋਇਆ॥
ਅਮਰਹੁ ਅਮਰ ਸਮੇਉ ਅਲਖ ਅਲੋਇਆ॥
ਰਾਮਨਾਮ ਅਰਿਖੇਉ ਅੰਮ੍ਰਿਤੁ ਚੋਇਆ॥
ਗੁਰ ਅਰਜਨ ਕਰਿ ਸੇਉ ਢੋਐ ਢੋਇਆ॥
ਗੁਰ ਹਰਿ ਗੋਬਿੰਦੁ ਅਮੇਉ ਅਮਿਉ ਵਿਲੋਇਆ॥
ਸੱਚਾ ਸਚਿ ਸੁਚੇਉ ਸਚਿ ਖਲੋਇਆ॥

ਸਤਾ ਅਤੇ ਬਲਵੰਡ ਗੁਰੂ ਨਾਨਕ ਦੇ ਪੈਗ਼ੰਬਰ ਰੂਪ ਬਾਰੇ ਵਧੇਰੇ ਸਪਸ਼ਟ ਨਜ਼ਰ ਆਉਂਦੇ ਹਨ। ਉਨ੍ਹਾਂ ਨੇ ਕੁਝ ਸ਼ਬਦ ਇਸਲਾਮੀ ਪਰਿਵਾਰ ਵਿਚੋਂ ਚੁਣੇ ਹਨ ਜਿਨ੍ਹਾਂ ਤੋਂ ਸਾਡਾ ਮਤ ਵਧੇਰੇ ਪੁਸ਼ਟ ਹੁੰਦਾ ਹੈ। 'ਰਾਮਕਲੀ ਕੀ ਵਾਰ' ਵਿਚ 'ਉਮਤ' ਸ਼ਬਦ ਦੀ ਵਰਤੋਂ ਇਕ ਤੋਂ ਵਧੀਕ ਵਾਰ ਹੋਈ ਹੈ। ਇਸ ਪ੍ਰਕਾਰ ਗੁਰੂ ਨਾਨਕ ਆਪਣੇ ਜੀਵਨ ਕਾਲ ਵਿਚ ਹੀ ਪੈਗ਼ੰਬਰ ਰੂਪ ਵਿਚ ਸਵੀਕਾਰ ਹੋ ਚੁਕਾ ਸੀ। ਗੁਰੂ ਨਾਨਕ (ਮੁਹੰਮਦ ਵਾਂਗ) ਆਪਣੇ ਹੱਥੀਂ ਪਰਵਾਰ-ਬਾਹਰੇ ਵਿਅਕਤੀ ਨੂੰ ਤਖ਼ਤ ਉਪਰ ਬਿਠਾ ਰਹੇ ਹਨ ਤੇ ਸਾਰੀ ਉਮਤ ਵੇਖ ਰਹੀ ਹੈ:

(੧) ਨਾਨਕੁ ਕਾਇਆ ਪਲਟੁ ਕਰਿ ਮਲਿ ਤਖਤੁ ਬੈਠਾ ਸੈਡਾਲੀ॥
ਦਰੁ ਸੇਵੇ ਉਮਤਿ ਖੜੀ ਮਸਕਲੈ ਹੋਇ ਜੰਗਾਲੀ॥
(੨) ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ॥
ਜਾ ਸੁਧੋਸੁ ਤਾਂ ਲਹਣਾ ਟਿਕਿਓਨੁ॥

ਗੁਰੂ ਦੀ ਦਰਗਾਹ ਉਪਰ 'ਨੂਰ' ਦੀ ਵਰਖਾ ਵੀ ਉਹਨਾਂ ਦੇ ਪੈਗ਼ੰਬਰ ਰੂਪ ਨੂੰ ਪੁਸ਼ਟ ਕਰਦੀ ਹੈ:

(੧) ਵਰ੍ਹਿਐ ਦਰਗਹ ਗੁਰੂ ਕੀ ਕੁਦਰਤੀ ਨੂਰੁ॥
(੨) ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ॥

ਰਾਮਕਲੀ ਦੀ ਵਾਰ ਵਿਚੋਂ ਹੋਰ ਵੀ ਅਜਿਹੇ ਉਦਾਹਰਣ ਪੇਸ਼ ਕੀਤੇ ਜਾ ਸਕਦੇ ਹਨ ਜਿਥੋਂ ਪਤਾ ਲਗਦਾ ਹੈ ਕਿ ਲੇਖਕਾਂ ਦੇ ਮਨ ਵਿਚ ਨਾਨਕ ਦਾ ਪੈਗ਼ੰਬਰ-ਰੂਪ ਸਥਿਰ ਹੋ ਚੁਕਾ ਸੀ। ਪਰ, ਇਸ ਵਾਰ ਦੀ ਨਾਨਕ-ਬਿੰਬ ਨੂੰ ਆਪਣੀ ਨਿਜੀ ਦੇਣ ਨਾਨਕ, ਅੰਗਦ, ਅਮਰਦਾਸ ਦੀ ਏਕਤਾ ਹੀ ਹੈ। ਏਕਤਾ ਦੀ ਇਹ ਭਾਵਨਾ ਨਾਨਕ-ਬਿੰਬ ਦਾ ਅਸਲੋਂ ਅਨਿਖੜ-ਅੰਗ ਹੈ। ਇਸ ਵਲ ਸੰਕੇਤ ਗੁਰੂ ਅਮਰਦਾਸ ਨੇ ਵੀ ਕੀਤਾ ਹੈ:

ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸਕੀ ਰਜਾਇ॥
ਇਹੁ ਕਾਰਣੁ ਕਰਤਾ ਕਰੇ ਜੋਤੀ ਜੋਤਿ ਸਮਾਇ॥

ਨਾਨਕ-ਬਿੰਬ ਦੇ ਹਰ ਪ੍ਰਮਾਣਿਕ ਵਿਆਖਿਆਤਾ ਨੇ ਇਸ ਏਕਤਾ ਵਲ ਧਿਆਨ ਦਿੱਤਾ ਹੈ। ਏਥੇ ਕੇਵਲ ਬਚਿਤ੍ਰ ਨਾਟਕ ਦੇ ਉਸ ਹਿੱਸੇ ਵਿਚ ਇਕ ਉਦਾਹਰਣ ਪੇਸ਼ ਹੈ ਜਿਸ ਨੂੰ ਗੁਰੂ ਗੋਬਿੰਦ ਸਿੰਘ ਦੀ ਰਚਨਾ ਮੰਨਿਆ ਜਾਂਦਾ ਹੈ:

ਨਾਨਕ ਅੰਗਦ ਕੋ ਬਪੁ ਧਰਾ॥
ਧਰਮ ਪ੍ਰਚੁਰਿ ਇਹ ਲਗ ਮੋ ਕਰਾ॥
ਅਮਰਦਾਸ ਪੁਨਿ ਨਾਮ ਕਹਾਯੋ।
ਜਨ ਦੀਪਕ ਤੇ ਦੀਪ ਜਗਾਯੋ।
... ... ...
ਸ੍ਰੀ ਨਾਨਕ ਅੰਗਦਿ ਕਰਿ ਮਾਨਾ॥
ਅਮਰਦਾਸ ਅੰਗਦ ਪਹਿਚਾਨਾ॥
ਅਮਰਦਾਸ ਰਾਮਦਾਸ ਕਹਾਯੋ॥
ਸਾਧਨਿ ਲਖਾ ਮੂੜ ਨਹਿ ਪਾਯੋ॥
ਭਿੰਨ ਭਿੰਨ ਸਭਹੂ ਕਰਿ ਜਾਨਾ॥
ਏਕ ਰੂਪ ਕਿਨਹੂੰ ਪਹਿਚਾਨਾ॥
ਜਿਨ ਜਾਨਾ ਤਿਨਹੀ ਸਿਧ ਪਾਈ॥
ਬਿਨ ਸਮਝੇ ਸਿਧ ਹਾਥ ਨਾ ਆਈ॥

ਨਾਨਕ-ਬਿੰਬ ਦਾ ਉਦੈ ਇਸਲਾਮੀ ਪ੍ਰਭੁਤਾ ਦੇ ਦਿਨਾਂ ਵਿਚ ਹੋਇਆ ਸੀ, ਇਸ ਲਈ ਸੁਭਾਵਿਕ ਹੀ ਹੈ ਇਸਲਾਮੀ ਚਿੰਤਨ-ਵਿਧੀ ਦਾ ਸੁਚੇਤ ਜਾਂ ਅਚੇਤ, ਪ੍ਰਤੱਖ ਜਾਂ ਪਰੋਖ ਪ੍ਰਭਾਵ ਇਸ ਬਿੰਬ-ਰਚਨਾ ਉਪਰ ਪਿਆ ਹੋਵੇ। ਇਸ ਬਿੰਬ ਦਾ ਭਾਰਤੀਕਰਨ ਨਾਨਕ-ਏਕਤਾ ਦੇ ਸਿਧਾਂਤ ਰਾਹੀਂ ਹੀ ਹੋਇਆ। ਗੁਰੂ ਗੋਬਿੰਦ ਸਿੰਘ ਦੀ ਰਚਨਾ ਤੋਂ ਪਤਾ ਲਗਦਾ ਹੈ ਕਿ ਬਹੁਤੇ ਲੋਕਾਂ ਨੂੰ ਇਸ ਸਿਧਾਂਤ ਦੀ ਸਾਰਥਕਤਾ ਗ੍ਰਹਿਣ ਕਰਨ ਵਿਚ ਦਿੱਕਤ ਹੋ ਰਹੀ ਸੀ। ਬਹੁ-ਗਿਣਤੀ ਮੁਸਲਮਾਨਾਂ ਨੂੰ ਇਹ ਵਿਚਾਰ ਅਸਲੋਂ ਹੀ ਅਜੀਬ ਲਗਦਾ ਸੀ ਕਿਉਂਕਿ ਉਹਨਾਂ ਦੇ ਧਰਮ-ਸਿਧਾਂਤ ਵਿਚ ਕਿਸੇ ਵਿਅਕਤੀ-ਆਤਮਾ ਦੇ ਸਥਾਨਾਂਤਰਨ ਲਈ ਕੋਈ ਜਗ੍ਹਾ ਨਹੀਂ। 'ਦਬਿਸਤਾਨ ਮਜ਼ਾਹਬ' ਦੇ ਕਰਤਾ ਨੇ ਇਸ ਤੱਥ ਦਾ ਉਲੇਖ ਤਾਂ ਕੀਤਾ ਹੈ ਪਰ ਇਸ ਤਰ੍ਹਾਂ ਕਿ ਆਪ ਉਸ ਨੂੰ ਇਸ ਉਪਰ ਵਿਸ਼ਵਾਸ ਨਾ ਆ ਰਿਹਾ ਹੋਵੇ। ਹਿੰਦੂ ਭਾਟ-ਕਵੀਆਂ ਲਈ ਇਹ ਤੱਥ ਗ੍ਰਹਿਣ ਕਰਨਾ ਵਧੇਰੇ ਆਸਾਨ ਸੀ, ਪਰ ਉਹਨਾਂ ਇਸ ਨੂੰ ਵੈਸ਼ਨਵ ਅਵਤਾਰ-ਭਾਵਨਾ ਦੇ ਸੰਦਰਭ ਵਿਚ ਹੀ ਗ੍ਰਹਿਣ ਕੀਤਾ ਹੈ। ਨਾਨਕ-ਅੰਗਦ-ਅਮਰਦਾਸ-ਏਕਤਾ ਬਾਵਨ-ਰਾਮ-ਕ੍ਰਿਸ਼ਨ-ਏਕਤਾ ਦਾ ਹੀ ਵਿਸਥਾਰ ਹੈ:

ਸਤਿਜੁਗਿ ਤੈ ਮਾਣਿਓ, ਛਲਿਓ ਬਲਿ, ਬਾਵਨ ਭਾਇਓ॥
ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ॥
ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ।
ਉਗ੍ਰਸੈਣ ਕਉ ਰਾਜੁ, ਅਭੈ ਭਗਤਹ ਜਨ ਦੀਓ॥
ਕਲਿਜੁਗਿ ਪ੍ਰਮਾਣੁ ਨਾਨਕ, ਗੁਰੁ ਅੰਗਦੁ ਅਮਰੁ ਕਹਾਇਓ॥
ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ, ਆਦਿ ਪੁਰਖਿ ਫੁਰਮਾਇਓ॥

ਸਾਫ਼ ਜ਼ਾਹਰ ਹੈ ਨਾਨਕ-ਅੰਗਦ-ਅਮਰਦਾਸ-ਏਕਤਾ ਦਾ ਸਿਧਾਂਤ ਨਿਰੋਲ ਸਿੱਖ ਸਿਧਾਂਤ ਹੈ। ਮੁਸਲਮਾਨ ਆਤਮਾ ਦੇ ਸਥਾਨਾਂਤਰਨ ਨੂੰ ਕਬੂਲ ਨਹੀਂ ਸਕਦੇ ਅਤੇ ਕਿਸੇ ਵੀ ਦੇਹਧਾਰੀ ਜੀਵ ਵਿਚ ਦਿੱਬਤਾ ਦਾ ਨਿਵਾਸ ਸਵੀਕਾਰ ਨਹੀਂ ਕਰ ਸਕਦੇ। ਮੁਹੰਮਦ ਖ਼ੁਦਾ ਦਾ ਰਸੂਲ ਹੈ, ਪਰ ਉਸ ਵਿਚ ਖ਼ੁਦਾਈ ਗੁਣਾਂ ਦਾ ਨਿਵਾਸ ਨਹੀਂ। ਹਿੰਦੂ ਕਵੀਆਂ ਤੇ ਵਿਦਵਾਨਾਂ ਨੇ ਇਸ ਦੀ ਜੋ ਵਿਆਖਿਆ ਪੇਸ਼ ਕੀਤੀ ਉਹ ਆਦਿ ਗ੍ਰੰਥ ਦਾ ਅੰਗ ਹੋਣ ਦੇ ਬਾਵਜੂਦ ਨਾ ਸਿਖ ਵਿਦਵਾਨਾਂ ਦੁਆਰਾ

ਸਵੀਕਾਰੀ ਗਈ ਨਾ ਸਿਖ ਜਨਸਾਧਾਰਨ ਦੁਆਰਾ। ਨਾਨਕ-ਬਿੰਬ ਦਾ ਉਦੈ ਇਸਲਾਮੀ ਪੈਗ਼ੰਬਰ ਅਤੇ ਹਿੰਦੂ ਅਵਤਾਰ ਦੇ ਤਨਾਉ ਵਿਚੋਂ ਹੋਂਦ ਵਿਚ ਆਇਆ ਹੈ। ਇਸ ਦੀ ਆਪਣੀ ਸੁਤੰਤਰ ਹੋਂਦ ਹੈ, ਇਹ ਬਿੰਬ ਇਕੋ ਸਾਹੇ ਦੋਹਾਂ ਨੂੰ ਸਵੀਕਾਰਦਾ ਵੀ ਹੈ ਅਤੇ ਰੱਦ ਵੀ ਕਰਦਾ ਹੈ।

ਨਾਨਕ-ਬਿੰਬ ਦਾ ਅਗਲਾ ਵਾਧਾ ਭਾਈ ਗੁਰਦਾਸ ਅਤੇ ਸਾਖੀਕਾਰਾਂ ਨੇ ਕੀਤਾ ਹੈ। ਉਹਨਾਂ ਤੋਂ ਪਹਿਲਾਂ ਗੁਰੂ ਅੰਗਦ ਗੁਰੂ ਨਾਨਕ ਨੂੰ ਅੰਤਿਮ ਗੁਰੂ ਦੇ ਰੂਪ ਵਿਚ ਸਵੀਕਾਰ ਕਰ ਚੁਕੇ ਸਨ ਤੇ ਗੁਰੂ ਅਰਜਨ ਉਹਨਾਂ ਨੂੰ 'ਸਭ ਤੇ ਵਡਾ' ਕਹਿ ਚੁਕੇ ਸਨ, ਉਹਨਾਂ ਦਾ ਦਾਅਵਾ ਤਾਂ ਏਥੋਂ ਤੀਕ ਹੈ ਕਿ ਗੁਰੂ ਨਾਨਕ ਦੀ ਵਡਿਆਈ ਸਾਰੇ ਸੰਸਾਰ ਵਿਚ ਸਰਬ-ਵਿਦਿਤ ਹੈ:

(੧) ਸਭ ਤੇ ਵਡਾ ਸਤਿਗੁਰ ਨਾਨਕੁ ਜਿਨਿ ਕਲ ਰਾਖੀ ਮੇਰੀ ॥

(੨) ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ॥

ਭਾਈ ਗੁਰਦਾਸ ਨੇ ਇਸੇ ਵਡੱਤਣ ਨੂੰ 'ਵਿਜੈ' ਰੂਪ ਵਿਚ ਪੇਸ਼ ਕੀਤਾ ਹੈ। ਪੰਗਤੀਆਂ ਉਦਾਹਰਣ ਵਜੋਂ ਪੇਸ਼ ਹਨ:

(੧) ਗੜ ਬਗਦਾਦੁ ਨਿਵਾਇ ਕੈ ਮੱਕਾ ਮਦੀਨਾ ਸਭੇ ਨਿਵਾਇਆ।

... ... ...

ਪਾਤਾਲਾ ਆਕਾਸ ਲਖ ਜੀਤੀ ਧਰਤੀ ਜਗਤੁ ਸਬਾਇਆ।

ਜੀਤੀ ਨਉਖੰਡ ਮੇਦਨੀ ਸਤਿਨਾਮੁ ਦਾ ਚਕ੍ਰ ਫਿਰਾਇਆ।

... ... ...

ਹਿੰਦੂ ਮੁਸਲਮਾਣਿ ਨਿਵਾਇਆ।

(੨) ਜਿਣ ਮੇਲਾ ਸਿਵਰਾਤਿ ਦਾ ਖਟ ਦਰਸਨ ਆਦੇਸਿ ਕਰਾਈ।

ਨਾਨਕ-ਬਿੰਬ ਨੂੰ ਬਿਰਤਾਂਤ ਰੂਪ ਵਿਚ ਪੇਸ਼ ਕਰਨ ਦੀ ਪਿਰਤ ਦਾ ਅਰੰਭ ਭਾਈ ਗੁਰਦਾਸ ਤੋਂ ਹੀ ਹੁੰਦਾ ਹੈ। ਇਸ ਤੋਂ ਬਾਅਦ ਜੋ ਵੀ ਜਨਮ-ਸਾਖੀਆਂ ਜਾਂ ਪ੍ਰਬੰਧ-ਕਾਵਿ ਲਿਖੇ ਗਏ, ਉਨ੍ਹਾਂ ਵਿਚ ਗੁਰੂ ਨਾਨਕ ਦਿਗਵਿਜਯੀ ਦੇ ਰੂਪ ਵਿਚ ਚਿਤ੍ਰਿਤ ਕੀਤਾ ਗਿਆ ਹੈ। ਵਿਸ਼ੇਸ਼ ਧਿਆਨਜੋਗ ਗੱਲ ਇਹ ਹੈ ਕਿ ਵਿਜੈ ਯਾਤਰਾ ਦੀ ਦਿਸ਼ਾ ਬਹੁਤ ਕਰਕੇ ਇਸਲਾਮ ਵਲ ਰਹੀ ਹੈ। ਆਧੁਨਿਕ ਯੁਗ ਵਿਚ ਇਹ ਵਿਚਾਰ ਪ੍ਰਚਲਿਤ ਕੀਤਾ ਗਿਆ ਹੈ ਕਿ ਗੁਰੂ ਨਾਨਕ ਨੇ ਹਿੰਦੂ ਧਰਮ ਅਤੇ ਇਸਲਾਮ ਦਾ ਸੁਮੇਲ ਸਥਾਪਿਤ ਕਰਨ ਦਾ ਉਦਮ ਕੀਤਾ। ਇਹ ਵਿਚਾਰ ਨਾਨਕ-ਬਿੰਬ ਵਿਚ ਸਥਾਈ ਸਥਾਨ ਪ੍ਰਾਪਤ ਨਹੀਂ ਕਰ ਸਕਿਆ। ਉਨ੍ਹਾਂ ਹਿੰਦੂ-ਧਰਮ ਜਾਂ ਇਸਲਾਮ ਦੇ ਕਾਬਲ-ਕਬੂਲ ਸਿਧਾਂਤਾਂ ਨੂੰ ਸਵੀਕਾਰ ਕਰ ਕੇ ਉਨ੍ਹਾਂ ਦਾ ਇਕ ਨਵਾਂ ਸੰਗ੍ਰਹਿ ਪੇਸ਼ ਕੀਤਾ ਹੈ -ਅਜਿਹਾ ਮਤ ਨਾਨਕਧਾਰਾ ਦੇ ਕਲਾਕਾਰਾਂ ਤੇ ਵਿਚਾਰਕਾਂ ਨੂੰ ਸਵੀਕਾਰ ਨਾ ਹੋ ਸਕੇਗਾ। ਭਾਈ ਗੁਰਦਾਸ ਨਾਨਕ-ਉਦੈ ਦੀ ਗੱਲ ਹਿੰਦੂ-ਮੁਸਲਿਮ ਤਨਾਉ ਦੇ ਸੰਦਰਭ ਵਿਚ ਕਰਦੇ ਹਨ ਅਤੇ ਦੋਹਾਂ ਨੂੰ ਨਾਨਕ-ਦ੍ਰਿਸ਼ਟੀ ਤੋਂ ਖੰਡਨ-ਜੋਗ ਸਮਝਦੇ ਹਨ। ਦੋਹਾਂ ਵਿਚੋਂ ਕਿਸੇ ਇਕ ਵੱਲ ਜਾਂ ਦੋਹਾਂ ਵੱਲ ਝੁਕਾਉ ਗੁਰੂ ਨਾਨਕ ਦੀ ਬਾਣੀ ਜਾਂ ਭਾਵ-ਮੁਦ੍ਰਾ ਵਿਚ ਨਹੀਂ। ਗੁਰੂ ਨਾਨਕ ਦੀ ਭਾਵ-ਮੁਦ੍ਰਾ ਸਮਝੌਤੇ ਜਾਂ ਆਗਿਆਕਾਰਿਤਾ ਦੀ ਨਹੀਂ, ਸਿਰਜਨਾਤਮਕ ਵਿਜੈ ਦੀ ਹੈ। 'ਨਾ ਹਿੰਦੂ ਨਾ ਮੁਸਲਮਾਨ' ਦਾ ਨਾਅਰਾ ਸ਼ਾਇਦ ਰਤਾ ਕੁ ਬਾਅਦ ਦੀ ਉਪਜ ਹੈ, ਸਭ ਤੋਂ ਪਹਿਲਾਂ ਭਾਈ ਗੁਰਦਾਸ ਨੇ ਹੀ ਗੁਰੂ ਨਾਨਕ ਨੂੰ ਸਿਰਜਨਾਤਮਕ ਵਿਜਈ ਦੇ ਰੂਪ ਵਿਚ ਪਛਾਣਿਆ ਸੀ। ਉਸ ਦੀ ਮੁਦ੍ਰਾ ਧਾਰਮਿਕ ਜੋਧੇ ਦੀ ਹੈ। ਇਹ ਤਾਂ ਨਿਸਚਿਤ ਹੈ ਕਿ ਗੁਰੂ ਨਾਨਕ ਦੀਆਂ ਸਾਰੀਆਂ ਯਾਤ੍ਰਾਵਾਂ ਧਾਰਮਿਕ ਸਥਾਨਾਂ ਅਤੇ ਪੁਰਬਾਂ ਨਾਲ ਸੰਬੰਧਿਤ ਹਨ ਅਤੇ ਹਰ ਥਾਂ ਉਹ ਪੁਰਾਤਨ ਪਰੰਪਰਾ ਅਨੁਸਾਰ ਤੀਰਥ-ਕਰਮ ਲਈ ਨਹੀਂ ਗਏ, ਸਗੋਂ ਵਿਵਾਦ ਜਾਂ ਸੰਵਾਦ ਦੇ ਮਾਧਿਅਮ ਰਾਹੀਂ ਜੁੱਧ ਕਰਨ ਗਏ ਹਨ। ਧਰਮ-ਜੁਧ ਦਾ ਸਪਸ਼ਟ ਉਲੇਖ ਤਾਂ ਗੋਬਿੰਦ-ਬਾਣੀ ਵਿਚ ਮਿਲਦਾ ਹੈ, ਪਰ ਇਸ ਦੀ ਨੀਂਹ ਨਿਸਚੈ ਹੀ ਗੁਰੂ ਨਾਨਕ ਦੇ ਜੀਵਨ-ਕਥਨ ਰਾਹੀਂ ਰੱਖੀ ਜਾ ਚੁਕੀ ਸੀ। ਕੁਝ ਵਿਦਵਾਨਾਂ ਦਾ ਮਤ ਹੈ ਕਿ ਧਰਮ-ਜੁਧ ਦਾ ਸੰਕਲਪ ਇਸਲਾਮੀ ਜਿਹਾਦ ਦੀ ਦੇਣ ਹੈ, ਪਰ ਇਹ ਗੱਲ ਵੀ ਧਿਆਨ ਜੋਗ ਹੈ ਕਿ ਇਸ ਦੀ ਵਰਤੋਂ ਵੀ ਇਸਲਾਮ ਪ੍ਰਤੀ ਹੀ ਹੋਈ। ਇਸੇ ਪ੍ਰਕਾਰ ਜੇ ਅੰਤਿਮ-

ਗੁਰੂ ਦੇ ਸੰਕਲਪ ਨੂੰ ਆਖਰੀ-ਨਬੀ ਤੋਂ ਪ੍ਰੇਰਿਤ ਮੰਨ ਲਿਆ ਜਾਵੇ ਤਾਂ ਇਹ ਗੱਲ ਵੀ ਸਵੀਕਾਰਨੀ ਪਵੇਗੀ ਕਿ ਇਸ ਸੰਕਲਪ ਦੀ ਵਰਤੋਂ ਨਾਲ ਮੁਹੰਮਦ ਆਖ਼ਰੀ ਨਬੀ ਦੇ ਰੂਪ ਵਿਚ ਰੱਦ ਵੀ ਹੁੰਦਾ ਹੈ। ਅੰਤਿਮ-ਗੁਰੂ ਅੰਤਿਮ-ਨਬੀ ਨੂੰ ਰੱਦ ਕਰਦਾ ਹੈ ਅਤੇ ਧਰਮ-ਜੁਧ ਮੁਜਾਹਿਦਾਂ ਦੇ ਹਥਿਆਰ ਨੂੰ ਖੁੰਡਾ ਕਰਦਾ ਹੈ। ਸੰਖੇਪ ਵਿਚ, ਨਾਨਕ-ਬਿੰਬ ਦੇ ਸਿਰਜਨਾਤਮ ਖੰਡਨ ਦੀ ਸਪਸ਼ਟ ਦਿਸ਼ਾ ਇਸਲਾਮ ਵਲ ਹੈ।

ਗੁਰੂ ਨਾਨਕ ਤੋਂ ਇਕ ਪੈਗੰਬਰੀ ਅਤੇ ਧਰਮ-ਜੁਧ ਦੀ ਨਵੀਨ ਪਰੰਪਰਾ ਦਾ ਹੀ ਉਦੈ ਨਹੀਂ ਹੁੰਦਾ, ਇਕ ਨਵੀਨ ਰਾਜ-ਭਾਵਨਾ ਵੀ ਅੰਗੜਾਈ ਲੈਂਦੀ ਦਿਸ ਆਉਂਦੀ ਹੈ। ਗੁਰੂ ਨਾਨਕ ਤੋਂ ਕੇਵਲ ਇਕ ਧਰਮ-ਪਰੰਪਰਾ ਦਾ ਅਰੰਭ ਹੀ ਨਹੀਂ ਹੁੰਦਾ, ਇਕ ਰਾਜ-ਪਰੰਪਰਾ ਦਾ ਅਰੰਭ ਵੀ ਹੁੰਦਾ ਹੈ। ਇਸ ਸੰਬੰਧ ਵਿਚ ਗੁਰੂ ਨਾਨਕ ਤੋਂ ਬਾਅਦ ਦੇ ਗੁਰੂ ਸਾਹਿਬਾਨ ਮੌਨ ਹਨ , ਪਰ ਇਸ ਦੀ ਚਰਚਾ ਗੁਰੂ ਅੰਗਦ ਦੇ ਸਮੇਂ ਤੋਂ ਹੀ ਸ਼ੁਰੂ ਹੋ ਜਾਂਦੀ ਹੈ। ਏਥੇ ਵੀ ਸਤੇ-ਬਲਵੰਡ ਲਿਖਿਤ ਵਾਰ ਤੋਂ ਸਾਨੂੰ ਨਿਸਚਿਤ ਸੰਕੇਤ ਮਿਲਦੇ ਹਨ:

(੧) ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵਦੈ ॥

(੨) ਝੁਲੈ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ ॥

(੩) ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ ॥

(੪) ਦਿਲ ਖੋਟੈ ਆਕੀ ਫਿਰਨਿ੍ ਬੰਨਿ੍ ਭਾਰੁ ਉਚਾਇਨਿ੍ ਛਟੀਐ ॥

(੫) ਨਾਨਕੁ ਕਾਇਆ ਪਲਟੁ ਕਰਿ ਮਲਿ ਤਖ਼ਤੁ ਬੈਠਾ ਸੈਡਾਲੀ ॥

(੬) ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ ॥

(੭) ਧੰਨੁ ਸੁ ਤੇਰਾ ਥਾਨੁ ਹੈ ਸਚੁ ਤੇਰਾ ਪੈਸਕਾਰਿਆ ॥

ਇਨ੍ਹਾਂ ਸੰਕੇਤਾਂ ਨੂੰ ਰੂਪਕ-ਰਚਨਾ ਕਹਿ ਕੇ ਹੀ ਟਾਲਿਆ ਨਹੀਂ ਜਾ ਸਕਦਾ। ਰੂਪਕ-ਰਚਨਾ ਦੇ ਉਪਮਾਨ ਵੀ ਕਵੀ-ਚਿੱਤ ਦੀ ਰੀਝ-ਸੱਧਰ ਤੋਂ ਨਿਖੇੜੇ ਨਹੀਂ ਜਾ ਸਕਦੇ। ਇਨ੍ਹਾਂ ਰਾਜ-ਸੰਕੇਤਾਂ ਨੂੰ ਕੇਵਲ ਸਤੇ-ਬਲਵੰਡ ਤਕ ਹੀ ਸੀਮਿਤ ਨਾ ਸਮਝਿਆ ਜਾਵੇ। ਨਾਨਕ-ਮਾਰਗ ਵਿਚ ਇਹ ਬਾਰ ਬਾਰ ਵਰਤੇ ਜਾਂਦੇ ਹਨ ਤੇ ਇਕ ਪ੍ਰਕਾਰ ਇਹ ਪਰੰਪਰਾ ਦਾ ਰੂਪ ਧਾਰਦੇ ਹਨ। ਆਦਿ ਗ੍ਰੰਥ ਵਿਚ ਰਾਮਕਲੀ ਦੀ ਸਦ ਵੀ ਗੁਰੂ-ਮਾਰਗ ਨੂੰ ਰਾਜ-ਮਾਰਗ ਵਾਂਗ ਪੇਸ਼ ਕਰਦੀ ਹੈ:

ਸਤਿਗੁਰੂ ਪਰਤਖਿ ਹੋਦੈ ਬਹਿ ਰਾਜੁ ਆਪਿ ਟਿਕਾਇਆ ॥

ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਇਸੇ ਪ੍ਰਕਾਰ ਦੀ ਧਰਮ-ਮਿਸ੍ਰਿਤ ਰਾਜ-ਭਾਵਨਾ ਅੰਕਿਤ ਹੈ:

ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ ॥

(੧) ਥਾਪਿਆ ਲਹਿਣਾ ਜੀਵਦੇ ਗੁਰਿਆਈ ਸਿਰ ਛਤ੍ਰ ਫਿਰਾਇਆ ॥

(੨) ਸਤਿਗੁਰ ਸੱਚਾ ਪਾਤਸਾਹੁ ਬੇਪਰਵਾਹੁ ਅਥਾਹੁ ਸਹਾਬਾ ॥

... ... ...

ਕਾਇਮੁ ਦਾਇਮੁ ਸਾਹਿਬੀ ਹਾਜਰੁ ਨਾਜਰੁ ਵੇਦ ਕਿਤਾਬਾ ॥

... ... ...

ਇਕੁ ਛਤਿ ਰਾਜੁ ਕਮਾਂਵਦਾ ਦੁਸਮਣੁ ਦੂਤੁ ਨ ਸੋਰ ਸਰਾਬਾ ॥

(੩) ਬਾਬਰ ਕੇ ਬਾਬੇ ਮਿਲੇ ਨਿਵ ਨਿਵ ਸਭ ਨਾਬਾਬ ਰਚਾਯਾ ॥

ਜਿਵੇਂ ਕਿ ਮੈਂ ਉਪਰ ਸੰਕੇਤ ਕਰ ਆਇਆ ਹਾਂ ਕਿਸੇ ਵੀ ਕੌਮ ਦੇ ਪੁਰਾਣ-ਬਿੰਬ ਦੀ ਰਚਨਾ ਵਿਚ ਉਸ ਕੌਮ ਦੀਆਂ ਰੀਝਾਂ, ਆਕਾਂਖਿਆਵਾਂ ਤੇ ਸੁਪਨਿਆਂ ਦਾ ਹੱਥ ਹੁੰਦਾ ਹੈ। ਇਹ ਰਚਨਾਵਾਂ ਉਸ ਸਮੇਂ ਦੀਆਂ ਹਨ ਜਦੋਂ ਨਾਨਕ-ਮਾਰਗ ਨੂੰ ਰਾਜ ਪ੍ਰਾਪਤ ਨਹੀਂ ਸੀ। ਗੁਰੂ ਹੀ ਪਾਤਿਸ਼ਾਹ ਸਨ ਅਤੇ ਪਾਤਿਸ਼ਾਹੀ ਵੀ। ਗੁਰੂ ਗੋਬਿੰਦ ਸਿੰਘ ਨਾਨਕ-ਮਾਰਗੀ ਗੱਦੀ ਨੂੰ ਰਾਜ-ਸਾਜ ਹੀ ਮੰਨਦੇ ਹਨ ਅਤੇ ਬਾਬੇ ਪਰਵਾਰ ਨੂੰ ਦੀਨ-ਸ਼ਾਹ: –

(੧) ਰਾਜ ਸਾਜ ਜਬ ਹਮ ਪਰ ਆਯੋ।
ਯਥਾ ਸਕਤਿ ਤਬ ਧਰਮ ਚਲਾਯੋ।
(੨) ਬਾਬੇ ਕੇ ਬਾਬਰ ਕੇ ਦੋਊ।
ਆਪ ਕਰੇ ਪਰਮੇਸਰ ਸੋਊ।
ਦੀਨ ਸਾਹ ਇਨ ਕੋ ਪਹਿਚਾਨੋ।
ਦੁਨੀ ਪਤੀ ਉਨ ਕੋ ਅਨੁਮਾਨੋ।

ਬਚਿਤਰ-ਨਾਟਕ ਵਿਚ ਦੋ ਬੰਸਾਵਲੀਆਂ ਦਿਤੀਆਂ ਗਈਆਂ ਹਨਃ ਰਾਜ-ਬੰਸਾਵਲੀ ਅਤੇ ਧਰਮ-ਬੰਸਾਵਲੀ । ਪਹਿਲੀ ਬੰਸਾਵਲੀ ਵਿਚ ਰਾਜੇ ਰਾਜ ਮਾਰਗ ਤਿਆਗ ਕੇ ਧਰਮ-ਮਾਰਗ ਗ੍ਰਹਿਣ ਕਰਦੇ ਹਨ ਤੇ ਦੂਸਰੀ ਬੰਸਾਵਲੀ ਵਿਚ ਪਰਮਾਤਮਾ ਦੇ ਭੇਜੇ ਅਵਤਾਰ ਜਾਂ ਪੈਗ਼ੰਬਰ ਧਰਮ ਕਰਮ ਤੋਂ ਉਖੜ ਕੇ ਰਾਜੇ ਬਣ ਬੈਠਦੇ ਹਨ। ਗੁਰੂ ਨਾਨਕ ਦਾ ਉਲੇਖ ਪਹਿਲੀ ਬੰਸਾਵਲੀ ਦੇ ਅਖ਼ੀਰ ਉਪਰ ਹੈ ਅਤੇ ਮੁਹੰਮਦ ਸਾਹਿਬ ਦਾ ਉਲੇਖ ਦੂਸਰੀ ਬੰਸਾਵਲੀ ਦੇ ਅਖ਼ੀਰ ਉਪਰ । ਦੋਵੇਂ ਕਾਲ-ਚੱਕਰ ਵਸ ਆਪੋ-ਆਪਣੀ ਪਰਵਾਰ-ਪਰੰਪਰਾ ਤੋਂ ਟੁਟੇ ਹੋਏ ਹਨ, ਤੇ ਪਰੋਖ ਰੂਪ ਵਿਚ, ਦੋਹਾਂ ਵਿਚਕਾਰ ਤਨਾਉ ਦਾ ਵਾਤਾਵਰਨ ਹੈ। ਗੁਰੂ ਗੋਬਿੰਦ ਸਿੰਘ ਦੇ ਬਾਅਦ ਇਸੇ ਤਨਾਉ ਨਾਲ ਸੰਬੰਧਿਤ ਰਾਜ-ਭਾਵਨਾ ਨਾਨਕ-ਮਾਰਗ ਦਾ ਪ੍ਰਧਾਨ ਲੱਛਣ ਸੀ। ਇਸ ਸੰਬੰਧ ਵਿਚ ਮੈਂ ਕੇਵਲ ਇਕੋ ਗ੍ਰੰਥ ਵੱਲ ਸੰਕੇਤ ਕਰਨਾ ਚਾਹਾਂਗਾ ਜਿਸ ਵਿਚ ਰਾਜ-ਭਾਵਨਾ ਪ੍ਰਚੰਡ ਰੂਪ ਵਿਚ ਪੇਸ਼ ਹੋਈ ਹੈ। ਇਹ ਪੁਸਤਕ ਹੈ ਰਤਨ ਸਿੰਘ ਭੰਗੂ ਰਚਿਤ ਪ੍ਰਾਚੀਨ ਪੰਥ ਪ੍ਰਕਾਸ਼। ਇਸ ਲੇਖਕ ਨੇ ਜਿੱਥੋਂ ਤੱਕ ਹੋਇਆ ਤੱਥ-ਮੂਲਕ ਇਤਿਹਾਸ-ਦ੍ਰਿਸ਼ਟੀ ਤੋਂ ਕੰਮ ਲਿਆ ਹੈ। ਪਰ, ਸਿੱਖ ਜੋਧਿਆਂ ਦੇ ਮਨ ਵਿਚ ਵਸਦੇ ਨਾਨਕ-ਬਿੰਬ ਦਾ ਵੀ ਸਪਸ਼ਟ ਉਲੇਖ ਕੀਤਾ ਹੈ। ਗੁਰੂ ਨਾਨਕ ਤਾਂ ਜਨਮ ਸਮੇਂ ਹੀ ਪਾਤਿਸ਼ਾਹ ਪ੍ਰਤੀਤ ਹੁੰਦਾ ਸੀਃ

ਕੋਊ ਕਹੈ ਪਾਤਸ਼ਾਹ ਯਹ ਹੋਉਗੁ ਸੁ ਛਤ੍ਰ ਧਾਰ॥

ਇਸ ਨੇ ਰਾਏ ਬੁਲਾਰ ਨੂੰ ਦਿੱਲੀ ਦੀ ਵਜ਼ੀਰੀ ਅਤੇ ਬਾਬਰ ਨੂੰ ਦਿੱਲੀ ਦੀ ਪਾਤਿਸ਼ਾਹੀ ਬਖ਼ਸ਼ੀ। ਬਾਅਦ ਵਿਚ ਜਦੋਂ ਬਾਬਰ-ਪਰਵਾਰ ਆਪਣੇ ਕੌਲ-ਇਕਰਾਰ ਭੁਲ ਗਿਆ ਤਾਂ ਸਿਖਾਂ ਨੇ ਇਸੇ ਬਖ਼ਸ਼ੇ ਹੋਏ ਰਾਜ ਨੂੰ ਵਾਪਸ ਲੈਣ ਦਾ ਉਦਮ ਕੀਤਾ। ਪਾਤਸ਼ਾਹੀ ਦਾ ਦਾਅਵਾ ਤਾਂ ਗੁਰੂ ਨਾਨਕ ਦੇ ਕੁਝ ਚਿਰ ਬਾਅਦ ਗੁਰੂ ਅਮਰਦਾਸ ਨੇ ਹੀ ਕਰ ਦਿੱਤਾ ਸੀਃ

ਅੰਗਦ ਤੇ ਗੁਰ ਭਯੋ ਅਮਰਦਾਸ॥
ਕੀਯੋ ਪਾਤਸਾਹੀ ਦਾਵਾ ਜਾਸ॥
ਬਾਈ ਸੂਬੇ ਜਿਨੈਂ ਨਿਵਾਏ॥
ਪਾਤਿਸਾਹੀ ਦਾਵੈ ਜਿਤਨ ਜਿਤਾਏ॥

ਗੁਰੂ ਨਾਨਕ ਨਾਲ ਸੰਬੰਧਿਤ ਪਾਤਸ਼ਾਹੀ ਦਾਅਵਾ ਪ੍ਰਬਲ ਰੂਪ ਧਾਰਨ ਕਰ ਗਿਆ ਸੀ ਕਿ ਜਦੋਂ ਕਦੀ ਸਿਖਾਂ ਨੂੰ ਕੁਝ ਇਲਾਕੇ ਉਪਰ ਰਾਜ ਦੀ ਪੇਸ਼ਕਸ਼ ਵੀ ਹੁੰਦੀ ਹੈ ਤਾਂ ਉਹ ਠੁਕਰਾ ਦੇਂਦੇ ਹਨ। ਉਹਨਾਂ ਦੇ ਮਨ ਅੰਦਰ ਇਹ ਵਿਚਾਰ ਸਥਿਰ ਹੋ ਚੁਕਾ ਹੈ ਕਿ ਪਾਤਿਸਾਹੀ ਗੁਰੂ ਦੀ ਹੈ ਤੇ ਗੁਰੂ ਨੇ ਆਪਣੇ ਸਿਖਾਂ ਨੂੰ ਬਖਸ਼ੀ ਹੈ। ਇਹ ਕਿਸੇ ਹੋਰਸ ਪਾਸੋਂ ਬਖ਼ਸ਼ੀਸ਼ ਵਿਚ ਨਹੀਂ ਲਈ ਜਾ ਸਕਦੀ, ਆਪਣੇ ਜ਼ੋਰ ਨਾਲ ਲੜ ਕੇ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ।

---

*(ਡਾ. ਹਰਿਭਜਨ ਸਿੰਘ ਰਚਿਤ ਪੁਸਤਕ "ਅਧਿਅਨ ਅਤੇ ਅਧਿਆਪਨ" ਵਿਚੋਂ ਧੰਨਵਾਦ ਸਹਿਤ)*

# BHAI PRITHIPAL SINGH MOHAN PAL SINGH A LINK WITH THE MUSICAL HERITAGE OF NANKANA SAHIB

Harjap Singh Aujla

We all know that since the days of Maharaja Ranjit Singh's empire "Gurdwara Janam Asthan Sri Nankana Sahib" and "Sri Darbar Sahib Amritsar" have been acknowledged to be the two shrines where the Sikh musical heritage was preserved at its pristine and sophisticated best. Other historic shrines used to look to these great places of worship for inspiration and guidance.

"Sri Darbar Sahib" is with us and we have extensively heard "Gurmat Sangeet" by the musicians in its service. We know this music since the days of Bhai Santa Singh and his contemporaries. We have also heard the music of Bhai Samund Singh ji of "Sri Nankana Sahib", but other than Bhai Samund Singh, we have not been really conversant with what his other contemporaries were singing.

At least I had the curiosity to know as to how the other, particularly the famous Rababi Kirtanias, used to sing "Gurbani" at "Gurdwara Janam Asthan Sri Nankana Sahib. To my good luck, by chance, I stumbled upon a musician, who represented the second generation of the refugee Raagis from Nankana Sahib.

It was the year 1976, I was posted as a sub-divisional engineer construction at Patiala. Police buildings in Fort Bahadurgarh were under my charge. I observed a huge sized Sikh wearing white clothes coming out of Gurdwara Bahadurgarh Sahib. This gurdwara is situated on the opposite side of Fort Bahadurgarh. A man, who knew this individual, told me that he is the finest classical musician in Patiala. He introduced the individual as Bhai Mohan Pal Singh.

True to my extrovert nature, I tried to open up with this so far mysterious musician. He quickly judged my curiosity and asked me if I have heard about Bhai Pal Singh Jaswant Singh and Bhai Gurmukh Singh Bhai Sarmukh Singh Fakkar of "Sri Nankana Sahib"? I answered in affirmative. He told me that he is one of the descendents of this great family of musicians. But he wanted me to hear him first and then decide if he is a worthy descendent of the famous Kirtanias of the yore. I asked him if he knew the Reets, in which Bhai Pal Singh Jaswant Singh used to sing at Nankana Sahib. He replied yes he can sing most of their "Reets". He gave me his home address, but he had no phone.

One fine holiday morning I decided to see him at his residence. He lived in a poor neighbourhood called "Tripuri" in Patiala city. The street leading to his home was only partly paved, the rest was potholed, muddy and dusty with milch cattle tied on both sides. On reaching his home I knocked at his door. The unpainted door was opened by Bhai Mohan Pal Singh himself. He was happy to receive me. He asked his lady to warm the milk for the guest, but I refused. He asked a young boy of twelve to bring the Tabla. He sang "Bilaskhani Todi". From his "Alaap" he appeared to be a pupil of Ustad Bade Ghulam Ali Khan, which he proudly admitted he was. He said during early sixties he and

his cousin Prithipal Singh were sent to Khan Sahib Bade Ghulam Ali Khan in Bombay to learn the finer points of the singing traditions of "Patiala Gharana" and this training helped them a lot professionally. Ever since that training, they have been doing "Riaz" of what they learnt. While in Bombay they met legendry playback singer Mohammad Rafi too, who offered them lucrative assignments as chorus singers in film industry, but they politely rejected the offer saying that they don't want to quit their ancestral profession of singing for their Guru. He said even these days we both keep visiting Malerkotla to learn more about music from Ustad Bakar Ali Khan, the most accomplished music teacher of Patiala Gharana.

I was impressed. My father (Late Sardar Sochet Singh) lived in Chandigarh. During his college education days in Lahore Government College, he used to occasionally visit Nankana Sahib and was impressed with the singing skills of the Rababi Kirtanias of "Gurdwara Janam Asthan". He was quite curious to hear the voices of their descendents. I promised him that I shall bring them to Chandigarh for a special "Kirtan Diwan" at my father's residence. But that moment eluded us. My father died on August 31, 1976. He could not hear them singing, but they were present and performing Kirtan on his "Antim Ardas" a few days later.

Bhai Mohan Pal Singh was always telling me that his cousin Bhai Prithipal Singh is even a better Kirtania. While in Patiala, I did not have the privilege of listening to Bhai Prithipal Singh and a desire to listen to him remained in my heart. But I often used to go to "Gurdwara Sri Dukh Niwaran Sahib at Patiala" and often heard Bhai Joginder Singh Mohinder Singh, the cousins of Bhai Mohan Pal Singh and Prithipal Singh perform "Gurmat Sangeet" and they were mesmerizing.

After coming to America, I had the privilege in 1985 of inviting Bhai Mohan Pal Singh, who was accompanying Bhai Shamsher Singh Zakhmi, to perform Shabad Kirtan at Gurdwara Bridgewater New Jersey. I made some recordings too. Bhai Mohan Pal Singh's voice was power packed and highly cultured.

A few days ago a friend of mine guided me to listen to Sikh devotional music on longislandkirtan.com. I did and to my surprise in the folder on old vintage Kirtan, I stumbled upon some recordings in the voice of Bhai Prithipal Singh. There is Asa Di Vaar in two parts and there are 2 more MP-3s in the voice of this musician. After listening to these four folders, I rediscovered some remnants of the great traditions of "Shabad Kirtan" once alive at "Gurdwara Janam Asathan Sri Nankana Sahib". I request all the genuine lovers of "Gurmat Sangeet" to listen to Bhai Prithipal Singh's "Shabad Kirtan". In some very small pieces he has given glimpses of his mastery over this dying art. Both Bhai Prithipal Singh and Bhai Mohan Pal Singh are not alive anymore. Both died a few years ago before attaining the age of sixty. Both lived and died in poverty. Our community never recognized their talents. They have been tormented financially but they never abandoned their traditions and never compromised with their music.

**harjapaujla@gmail.com**

# ਰਾਗ ਸਿੰਧੜਾ

## ਸੁਰਲਿਪੀ ਸਰਦਾਰ ਗੁਰਬਖ਼ਸ਼ ਸਿੰਘ ਜੀ

Website: http://www.gurbaniraags.com

ਕਾਫੀ ਠਾਠ ਦਾ ਰਾਗ ਸਿੰਧੜਾ ਓਢਵ ਸੰਪੂਰਨ ਹੈ ਜਿਸ ਵਿੱਚ ਗੰਧਾਰ ਕੋਮਲ, ਦੋਵੇਂ ਨਿਖਾਦ ਅਤੇ ਬਾਕੀ ਸੁਰ ਸ਼ੁੱਧ ਹਨ। ਆਰੋਹ ਕਰਦੇ ਸਮੇਂ ਗੰਧਾਰ ਅਤੇ ਨਿਖਾਦ ਵਰਜਤ ਹਨ ਪਰ ਇਸ ਨੂੰ ਕਾਫੀ ਦਾ ਰੰਗ ਦੇਣ ਵਾਸਤੇ ਆਰੋਹ ਵਿੱਚ ਨਿਖਾਦ ਵਰਤ ਲਿਆ ਜਾਂਦਾ ਹੈ ਇਸ ਤਰਾਂ ਇਸ ਰਾਗ ਦੀ ਜਾਤੀ ਖਾੜਵ ਸੰਪੂਰਨ ਮੰਨ ਸਕਦੇ ਹਾਂ। ਇਸ ਦਾ ਵਾਦ-ਸੰਵਾਦ ਸ-ਪ ਹੈ। ਬੇਸ਼ੱਕ ਇਸ ਰਾਗ ਦੇ ਗਾਉਣ ਦਾ ਸਮਾਂ ਸ਼ਾਮ ਜਾਂ ਰਾਤ ਦਾ ਹੈ ਪਰ ਵਾਦੀ ਸੁਰ ਤਾਰ ਸਪਤਕ ਦਾ ਖਰਜ ਸਮਝਣਾ ਚਾਹੀਦਾ ਹੈ। ਇਹ ਰਾਗ ਗ਼ਜ਼ਲ, ਗੀਤ, ਠੁਮਰੀ ਆਦਿ ਲਈ ਬਹੁਤ ਵਰਤਿਆ ਜਾਂਦਾ ਹੈ ਤਾਂ ਇਸ ਨੂੰ ਸਰਬਕਾਲਕ ਵੀ ਮੰਨ ਸਕਦੇ ਹਾਂ। ਇਸ ਰਾਗ ਦੇ ਆਰੋਹ ਤੋਂ ਝਿੰਝੋਟੀ ਦਾ ਭੁਲੇਖਾ ਪੈ ਜਾਂਦਾ ਹੈ। ਅਵਰੋਹ ਕਰਦੇ ਸਮੇਂ ਕਾਫੀ ਤੋਂ ਬਚਾਉਣ ਖਾਤਰ ਰਿਖਬ ਸੁਰ ਨੂੰ ਅਲਪ ਰੱਖਿਆ ਜਾਂਦਾ ਹੈ। ਬਹੁਤ ਬੰਦਿਸ਼ਾਂ ਵਿੱਚ ਸ਼ੁੱਧ ਨਿਖਾਦ ਬਿਲਕੁਲ ਨਹੀਂ ਵਰਤਿਆ ਹੋਇਆ।

**ਚਾਲ**: ਸ ਰ ਮ ਪ ਪਗੁ - ਰ ਨੁ਼ ਧ਼ ਸ, ਸ ਰ ਮ ਪ ਧ ਨੁ ਧ ਪ - ਮ ਪ ਧ ਗੁ - ਰ ਨੁ਼ ਧ਼ ਸ, ਰ ਮ ਰ ਮ ਪ - ਨੁ ਧ ਪ - ਮ ਪ ਧ ਨੁ ਧ ਸੰ, ਸੰ ਨੁ ਧ ਪ ਮ ਪ ਧ ਸੰ - ਰੰ - ਨੁ ਧ ਪ, ਮ ਪ ਨ ਸੰ ਰੰ ਨੁ ਧ ਸੰ, ਸੰ ਨੁ ਧ ਪ, ਸ ਰ ਮ ਪ ਧ ਨੁ ਧ ਪ - ਮ ਪ ਧ ਗੁ - ਰ ਨੁ਼ ਸ, ਰ ਮ ਪ ਧ ਨੁ ਧ ਸੰ, ਰੰ ਗੁੰ ਰੰ ਨੁ ਧ ਸੰ, ਸੰ ਨੁ ਧ ਪ ਮ ਗੁ ਰ ਨੁ਼ ਧ਼ ਸ।

### ਅਸਥਾਈ

| | | | | | | | | | | | | | |
|---|---|---|---|---|---|---|---|---|---|---|---|---|---|
| ਰਗੁ | ਰ | ਸਸ | ਰ | ਮ | ਪ | ਧ | ਨੁ | ਧ | -ਮ | ਪ | - | - | ਪਪ |
| ਮੈਂਤ | ऽ | ਬਨ | ਜਾ | ऽ | ਰ | ਨ | ਗਾ | ऽ | ऽਮ | ਕੀ | ऽ | ऽ | ਤੇਰਾ |
| ਰਗੁ | ਰ | -ਸ | ਰ | ਮ | ਪਧ | ਮਪ | ਗੁ | - | ਰਸ | ਸ | - | - | - |
| ਨਾऽ | ਮ | ऽਵ | ਖ | ਰ | ਵਾऽ | ऽऽ | ਪਾ | ऽ | ਰऽ | ਜੀ | ऽ | ऽ | ऽ |
| x | | | 2 | | 3 | | x | | | 2 | | 3 | |

## ਅੰਤਰਾ

| | | | | | | | | | | | | | |
|---|---|---|---|---|---|---|---|---|---|---|---|---|---|
| ਪ | ਪਧ | ਮ | ਪ | – | ਧਨ | ਪਧ | ਸੰ | ਸੰ | –ਰੰ | ਨ | ਧ | ਸੰ | – |
| ਹ | ਰੁ ऽ | ਣੀ | ਹੋ | ऽ | ਵ੍ਹਾ ऽ | ऽऽ | ਬ | ਨ | ऽਬੁ | ਸਾ | ऽ | ऽ | ऽ |
| ਗੰ | ਰੰ | ਸੰ | ਨ | ਧ | ਪ | ਪਧ | ਸੰ | – | ਰੰ | ਨ | ਧ | ਪ | – |
| ਕੰ | ਦ | ਮੂ | ऽ | ਲ | ऽ | ਚੁਣ | ਖਾ | ऽ | ऽ | ੳੁ | ऽ | ऽ | ऽ |
| ਰਗ | ਮ | ਮ | ਪ | ਪ | ਧਨ | ਪਧ | ਸੰਸੰ | – | –ਰੰ | ਨ | ਧ | ਸੰ | – |
| ਗੁਰ | ਪ | ਰ | ਸਾ | ਦੀ | ਮੇऽ | ਰਾऽ | ਸਹੁ | ऽ | ऽਮਿ | ਲੈ | ऽ | ऽ | ऽ |
| ਸੰ | ਨ | ਧ | ਮ | ਪ | ਪਧ | ਮਪ | ਗ | ਰ | –ਮ | ਗ | ਰ | ਸ, | ਸਸ |
| ਵਾ | ਰ | ਵਾ | ऽ | ਰ | ਹਉ | ऽऽ | ਜਾ | ੳੁ | ऽਜੀ | ੳੁ | ऽ | ऽ, | ਤੇਰਾ |
| ਰ | ਮ | –ਮ | ਪ | ਪ | ਪਧ | ਮਪ | ਗ | – | ਰਸ | | | | |
| ਨਾ | ਮ | ऽਵ੍ਹ | ਖ | ਰ | ਵ੍ਹਾ ऽ | ऽऽ | ਪਾ | ऽ | ਰੁ ऽ | | | | |
| x | | | 2 | | 3 | | x | | | 2 | | 3 | |

# ਸੁਰਲਿਪੀ ਵਾਲਾ ਸ਼ਬਦ ਅਤੇ ਓਸਦੇ ਅੰਗ੍ਰੇਜ਼ੀ ਵਿਚ ਅਰਥ

ਗਉੜੀ ਬੈਰਾਗਣਿ ਮਹਲਾ ੧ ॥

ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ ॥
ਗੁਰ ਪਰਸਾਦੀ ਮੇਰਾ ਸਹੁ ਮਿਲੈ ਵਾਰਿ ਵਾਰਿ ਹਉ ਜਾਉ ਜੀਉ ॥੧॥
ਮੈ ਬਨਜਾਰਨਿ ਰਾਮ ਕੀ ॥
ਤੇਰਾ ਨਾਮੁ ਵਖਰੁ ਵਾਪਾਰੁ ਜੀ ॥੧॥ ਰਹਾਉ ॥
ਕੋਕਿਲ ਹੋਵਾ ਅੰਬਿ ਬਸਾ ਸਹਜਿ ਸਬਦ ਬੀਚਾਰੁ ॥
ਸਹਜਿ ਸੁਭਾਇ ਮੇਰਾ ਸਹੁ ਮਿਲੈ ਦਰਸਨਿ ਰੂਪਿ ਅਪਾਰੁ ॥੨॥
ਮਛੁਲੀ ਹੋਵਾ ਜਲਿ ਬਸਾ ਜੀਅ ਜੰਤ ਸਭਿ ਸਾਰਿ ॥
ਉਰਵਾਰਿ ਪਾਰਿ ਮੇਰਾ ਸਹੁ ਵਸੈ ਹਉ ਮਿਲਉਗੀ ਬਾਹ ਪਸਾਰਿ ॥੩॥
ਨਾਗਨਿ ਹੋਵਾ ਧਰ ਵਸਾ ਸਬਦੁ ਵਸੈ ਭਉ ਜਾਇ ॥
ਨਾਨਕ ਸਦਾ ਸੋਹਾਗਣੀ ਜਿਨ ਜੋਤੀ ਜੋਤਿ ਸਮਾਇ ॥੪॥੨॥੧੯॥

ENGLISH TRANSLATION

Gauree Bairaagan, First Mehl:

What if I were to become a deer, and live in the forest, picking and eating fruits and roots - by Guru's Grace, I am a sacrifice to my Master. Again and again, I am a sacrifice, a sacrifice. ||1|| I am the shop-keeper of the Lord. Your Name is my merchandise and trade. ||1||Pause|| If I were to become a cuckoo, living in a mango tree, I would still contemplate the Word of the Shabad. I would still meet my Lord and Master, with intuitive ease; the Darshan, the Blessed Vision of His Form, is incomparably beautiful. ||2|| If I were to become a fish, living in the water, I would still remember the Lord, who watches over all beings and creatures. My Husband Lord dwells on this shore, and on the shore beyond; I would still meet Him, and hug Him close in my embrace. ||3|| If I were to become a snake, living in the ground, the Shabad would still dwell in my mind, and my fears would be dispelled. O Nanak, they are forever the happy soul-brides, whose light merges into His Light. ||4||2||19||

(SGGS: 157)

*Title painting*

# Guru Nanak and His Companions

**Guru Nanak Dev Ji founded the Sikh faith in rural Punjab during the mid 15th century. Discontent with the elusive values and hollow rituals of the Brahamanic Hindu tradition, he set forth on many journeys throughout his life to achieve a true union with God. His mission knew no boundaries or borders and he even completed the Muslim Hajj by traveling to Mecca.**

## KANWAR SINGH

Kanwar Singh has emerged as a premier artist of Sikh historical paintings of today's generation. His paintings on the lives of the Gurus and iconic Sikh greats are quickly instilling themselves in the consciousness of emerging generations of Sikhs globally. When he conjures up images of Sikh figures, his paintings convey an uncanny sense of presence, capturing the spirit of iconic subjects in defining moments of history. Since founding ArtofPunjab.com, Kanwar Singh's ultimate goal has been to create a legacy of work which will give the Sikh story a prominent place on the walls of our homes and in the hearts of future generations. His work reveals the quintessential moments in Sikh history which have shaped a dynamic Sikh community through its nascent beginnings in medieval Punjab to its present political and spiritual standing as the world's fifth largest faith group.

## BORN IN AMRITSAR

Born in Amritsar India, Canadian artist Kanwar Singh has been channeling art for as long as he can remember. He is influenced by a host of past masters such as Sobha Singh, Amrit Sher-Gil, Caravaggio and J.W Waterhouse to name but a few.

## RAISED IN TORONTO

Growing up in Toronto Canada, Kanwar explored several paths that would allow him to work as a professional artist including animation and book illustration. However, it wasn't until he started to take an interest in Sikh history that his art took a definitive turn to magnificence.

RNI Regd. No.46788/89 ISSN 0972-2335

